ੴ

# ਨਾਮ ਪ੍ਰਕਾਸ਼

ਸ਼੍ਰੋਮਣੀ ਕਥਾਕਾਰ
ਸੰਤ ਗਿਆਨੀ ਨਿਰੰਜਨ ਸਿੰਘ ਜੀ

# ਨਾਮ ਪ੍ਰਕਾਸ਼

## NAAM PERKASH

ਕਥਾ ਅਤੇ ਵਿਚਾਰ

**ਸ਼੍ਰੋਮਣੀ ਕਥਾਕਾਰ**

**ਸੰਤ ਗਿਆਨੀ ਨਿਰੰਜਨ ਸਿੰਘ ਜੀ**

ਲੇਖਕ

**ਗਿਆਨੀ ਪ੍ਰਿਤਪਾਲ ਸਿੰਘ ਜੀ**

# ਨਾਮ ਪ੍ਰਕਾਸ਼

First Printed : 1982
Current Publication : 2025
ISBN: 978 981 250 313 8
Published in Singapore

Published by
Mighty Minds Publishing Pte Ltd
Tel: (65)6353 5035 • Fax: (65)6353 5414
1003 Bukit Merah Central, #03-12,
Singapore 159836
R e g N o : 1 9 9 8 0 6 4 1 9 Z
Email : mighty@mightyminds.com.sg

ਇਸ ਪੁਸਤਕ ਵਿੱਚ ਗੁਰਬਾਣੀ ਦਰਜ ਹੈ । ਕਿਰਪਾ ਕਰਕੇ
ਇਸ ਨੂੰ ਪਿਆਰ ਅਤੇ ਸਤਕਾਰ ਨਾਲ ਸੰਭਾਲਨਾ ਜੀ ।

**This book contains Shabads and quotations from Gurbani.
Kindly handle it with care and respect.**

THIS BOOK IS DISTRIBUTED FREE
and is

**STRICTLY NOT FOR SALE.**

ਇਹ ਪੁਸਤਕ ਮੁਫ਼ਤ ਵੰਡੀ ਜਾ ਰਹੀ ਹੈ, ਵੇਚਣ ਲਈ ਨਹੀ ਹੈ । ਇਸ ਪੁਸਤਕ ਦਾ ਮੁੱਲ (ਕੀਮਤ) ਮਾਯਾ ਨਹੀ, ਬਲਕਿ ਪੜ੍ਹ ਕੇ ਆਤਮਿਕ ਗਿਆਨ ਦੀ ਪ੍ਰਾਪਤੀ ਕਰਨਾ ਹੈ । ਕਿਰਪਾ ਕਰ ਕੇ ਆਪਣਾ ਕੀਮਤੀ ਸਮਾਂ ਕੱਢ ਕੇ, ਇਸ ਪੁਸਤਕ ਨੂੰ ਪੜ੍ਹੋ, ਸਮਝੋ ਅਤੇ ਆਪਣੇ ਜੀਵਨ ਵਿਚ ਢਾਲਨ ਦੀ ਕੋਸ਼ਿਸ਼ ਕਰੋ ।

The price of this spiritual guide is not monetary but spiritual. Kindly read, understand and make an attempt to follow the teachings explained in this book.

# OTHER INSPIRING BOOKS
# BY SANT GIANI NARANJAN SINGH JI

Divine Mystic Reflections on Gurmat Book 1

Divine Mystic Reflections on Gurmat Book 2

**ਅਕੱਥ ਕਥਾ**

**ਅਰਦਾਸ ਕਲਾ**

The Miracle of Ardaas
(English translation of **ਅਰਦਾਸ ਕਲਾ**)

**ਜੀਵਨ ਜੁਗਤਿ**

Guide to Spiritual Consciousness
(English translation of **ਜੀਵਨ ਜੁਗਤਿ**)

**ਮੁਕਤਿ ਪੰਥ**

The Path of Liberation
(English translation of **ਮੁਕਤਿ ਪੰਥ**)

**ਗੁਰਮੁਖਿ ਮਾਰਗ**

For details, kindly visit the following website :

**GuruNanakAshram.com**

# ਪ੍ਰਕਾਸ਼ਕ ਦਾ ਨੋਟ

ਸੰਤ ਗਿਆਨੀ ਨਿਰੰਜਨ ਸਿੰਘ ਜੀ ਇੱਕ ਧਾਰਮਿਕ ਪ੍ਰਕਾਸ਼ਨ ਕੇਂਦਰ, ਜਿਸਦਾ ਨਾਮ "ਹੋਲੀ ਸਤਸੰਗ" ਸੀ, ਗੁਰੂ ਨਾਨਕ ਆਸ਼੍ਰਮ, ਪਟਿਆਲਾ ਤੋਂ ਚਲਾਇਆ ਕਰਦੇ ਸਨ । "ਹੋਲੀ ਸਤਸੰਗ" ਗੁਰ-ਆਸ਼ੇ ਨੂੰ ਲਿਖਤੀ ਰੂਪ ਵਿਚ ਪ੍ਰਕਾਸ਼ਤ ਕਰਨ ਦਾ ਉਪਰਾਲਾ ਸੀ । ਇਹ ਹਥਲੀ ਪੁਸਤਕ ਉਸ ਪ੍ਰਕਾਸ਼ਨ ਲੜੀ ਦੀ ਇਕ ਲੜੀ ਹੈ ।

ਅਸੀਂ ਮਾਤਾ ਸੁਰਜੀਤ ਕੌਰ ਜੀ (ਸੰਤ ਗਿਆਨੀ ਨਿਰੰਜਨ ਸਿੰਘ ਜੀ ਦੀ ਧਰਮ ਦੀ ਪੁੱਤਰੀ) ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਇਸ ਕਿਤਾਬ ਨੂੰ ਸੰਗਤਾਂ ਨਾਲ ਸਾਂਝਾ ਕਰਨ ਲਈ ਉਤਸ਼ਾਹਿਤ ਕੀਤਾ ।

ਜੋ ਵੀ ਇਸ ਐਡੀਸ਼ਨ ਵਿੱਚ ਟਾਇਪ-ਸੈਟੀਙ ਜਾਂ ਹੋਰ ਗਲਤੀਆਂ ਹਨ, ਉਹਨਾਂ ਦੇ ਅਸੀਂ ਆਪ ਜੀ ਅੱਗੇ ਨਿਮਰਤਾ ਸਹਿਤ ਖਿਮਾ ਦੇ ਜਾਚਕ ਹਾਂ ਅਤੇ ਮੁਆਫੀ ਮੰਗਦੇ ਹਾਂ ।

ਕਿਰਪਾ ਕਰਕੇ, ਇਨ੍ਹਾਂ ਬਾਰੇ ਆਪ ਜੀ ਸਾਨੂੰ ਦੱਸੋ ਈ-ਮੇਲ ਰਾਹੀਂ : contact@gurunanakashram.com

# ਤੱਤਕਰਾ

ਮੰਗਲਾਚਰਣ....................................੩
ਵਿਸ਼ਵ ਸ਼ਾਂਤੀ ਲਈ ਅਰਦਾਸ..........................੪
ਸ਼੍ਰੋਮਣੀ ਕਥਾਕਾਰ ਸੰਤ ਗਿਆਨੀ ਨਿਰੰਜਨ ਸਿੰਘ ਜੀ
ਦੀ ਸੰਖੇਪ ਜੀਵਨੀ...................................੫
ਭੂਮਿਕਾ...........................................੮
ਨਾਮ ਤੇ ਇਕਸਾਰਤਾ..............................੧੪
ਨਾਮ ਤੇ ਧਰਮ ਗ੍ਰੰਥ................................੧੮
ਨਾਮ ਅਤੇ ਮਨੁੱਖੀ ਜੀਵਨ...........................੨੧
ਨਾਮ ਤੇ ਦੁਖ ਸੁਖ..................................੨੪
ਨਾਮ ਇਕ ਧੁਰਵਾ..................................੨੬
ਨਾਮ ਤੇ ਕਿਰਪਾ...................................੨੯
ਨਾਮ ਤੇ ਸਾਧੂ.....................................੩੧

ਨਾਮ ਰੰਗ ਤੇ ਨਦਰ....................................੩੬
ਨਾਮ ਤੇ ਕੀਰਤਨ......................................੩੮
ਨਾਮ ਤੇ ਅੰਮ੍ਰਿਤ ਵੇਲਾ..................................੩੯
ਨਾਮ ਨਾਦ ਤੇ ਜੋਤ.....................................੪੨
ਨਾਮ ਤੇ ਤਤ ਦ੍ਰਿਸ਼ਟੀ...................................੪੫
ਨਾਮ ਤੇ ਏਕਾ – ੴ....................................੪੭
ਤਤ ਦ੍ਰਿਸ਼ਟੀ ਤੇ ਜਪੁਜੀ ਸਾਹਿਬ...........................੫੫
ਨਾਮ ਤੇ ਹੁਕਮ ਦੀ ਵਿਉਂਤ................................੫੮
ਨਾਮ ਹੁਕਮ ਤੇ ਹਉਮੈ...................................੬੨
ੴ ਸਤਿ ਨਾਮੁ........................................੬੭
ਪੱਥ ਪ੍ਰਦਰਸ਼ਕ ਤੇ ਉਤਸ਼ਾਹ ਜਨਕ ਉਦਾਹਰਣ..........੭੭

ੴ

ਸਤਿਗੁਰ ਪ੍ਰਸਾਦਿ ॥

# ਵਿਸ਼ਵ ਸ਼ਾਂਤੀ ਲਈ ਅਰਦਾਸ

ਸਲੋਕ ਮ: ੩ ॥

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥


ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥

ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥

O Lord, please shower your Mercy on the world
which is burning in the fire of vices.
Save it by whatever means it takes.
The True Guru has shown that the way to peace
is by contemplating the True Shabad.
Nanak, there is no one else
(who can save this world)
other than the Forgiving Lord.

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਸ਼੍ਰੋਮਣੀ ਕਥਾਕਾਰ
# ਸੰਤ ਗਿਆਨੀ ਨਿਰੰਜਨ ਸਿੰਘ ਜੀ
# ਦੀ ਸੰਖੇਪ ਜੀਵਨੀ



ਸੰਤ ਗਿਆਨੀ ਨਿਰੰਜਣ ਸਿੰਘ ਜੀ ਗੁਰਮਤਿ ਦੇ ਇਕ ਉੱਘੇ ਵਿਆਖਿਆਕਾਰ ਅਤੇ ਨਾਮ ਅਭਿਆਸੀ ਪੁਰਸ਼ ਹਨ ।

ਬਚਪਨ ਤੋਂ ਹੀ ਆਪ ਨੂੰ ਨਾਮ-ਪ੍ਰਾਪਤੀ ਦੀ ਅਭਲਾਸ਼ਾ ਜਾਗੀ । ਆਪਣੀ ਮਾਤਾ ਪਾਸੋਂ ਆਪ ਨੂੰ ਨਾਮ ਚੇਸ਼ਟਾ ਦਾ ਵਿਰਸਾ ਮਿਲਿਆ ।

ਵਖ ਵਖ ਧਰਮਾਂ ਅਤੇ ਫਲਸਫਿਆਂ ਦੇ ਤੁਲਨਾਤਮਕ ਅਧਿਐਨ ਦੇ ਮੁਢਲੇ ਸ਼ੌਂਕ ਨੇ ਆਪ ਨੂੰ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ, ਫਾਰਸੀ, ਅੰਗਰੇਜ਼ੀ ਆਦਿ ਜ਼ਬਾਨਾਂ ਦੀ ਚੰਗੀ ਜਾਣਕਾਰੀ ਕਰਾਈ ।

ਸ਼ਾਸਤਰ ਅਤੇ ਸ਼ਸਤਰ ਆਪ ਦਾ ਸ਼ਿੰਗਾਰ ਹਨ ।

ਆਪ ਦੇ ਜੀਵਨ ਦਾ ਆਦਰਸ਼ ਹੇ :

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਆਦਰਸ਼ ਦੀ ਧੂਹ ਅਤੇ ਗੁਰੂ ਸੰਗਤਾਂ ਦਾ ਪਿਆਰ ਆਪ ਨੂੰ ਵਖ ਵਖ ਸ਼ਹਿਰਾਂ, ਗਰਾਮਾਂ ਅਤੇ ਬਦੇਸ਼ਾਂ ਵਿਚ ਲੈ ਜਾਂਦਾ ਹੈ ।

ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਗੁਰੂ ਅਸੂਲਾਂ ਨੂੰ ਅਮਲੀ ਜਾਂਮਾ ਪਹਿਨਾਣ ਲਈ ਗੁਰੂ ਨਾਨਕ ਆਸ਼ਰਮ, ਪਟਿਆਲਾ ਆਪ ਦੀ ਪ੍ਰਯੋਗਸ਼ਾਲਾ ਹੈ ।

ਇਹ ਆਸ਼ਰਮ ਇਕ ਕੇਂਦਰ ਵੀ ਹੈ ਜਿਥੋਂ "ਹੋਲੀ ਸਤਸੰਗ" ਦੇ ਨਾਮ ਹੇਠ ਗੁਰ-ਆਸ਼ੇ ਨੂੰ ਲਿਖਤੀ ਰੂਪ ਵਿਚ ਪ੍ਰਕਾਸ਼ਤ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ । ਹਥਲੀ ਪੁਸਤਕ ਉਸ ਪ੍ਰਕਾਸ਼ਨ ਲੜੀ ਦੀ ਇਕ ਲੜੀ ਹੈ ।

# ਭੂਮਿਕਾ

ਗਿਆਨੀ ਪ੍ਰਿਤਪਾਲ ਸਿੰਘ ਜੀ

ਇਹ ਹਥਲੀ ਪੁਸਤਕ ਨਾਮ ਪ੍ਰਕਾਸ਼ ਭਾਵੇਂ ਆਕਾਰ ਵਿਚ ਛੋਟੀ ਹੈ, ਪ੍ਰੰਤੂ ਜਿਸ ਵਿਸ਼ੇ ਨੂੰ ਇਹ ਛੋਂਹਦੀ ਹੈ, ਉਹ ਬੜਾ ਵਿਸ਼ਾਲ ਹੈ, ਡੂੰਘਾ ਹੈ ਅਤੇ ਬੇਅੰਤ ਲਾਭਦਾਇਕ ਹੈ ।

ਗੁਰਮਤ ਨੇ ਮਨੁੱਖੀ ਜੀਵਨ ਨੂੰ ਦੋ ਪੱਖਾਂ ਤੋਂ ਜਾਂਚਿਆ ਹੈ : ਇਕ ਹੈ ਬਾਹਰਮੁਖੀ ਅਤੇ ਦੂਜਾ ਹੈ ਅੰਤਰਮੁਖੀ । ਬਾਹਰਮੁਖੀ ਜੀਵਨ ਦਾ ਸੰਬੰਧ, ਆਮ ਕਰ ਕੇ, ਨੌਂ ਇੰਦਰੇ ਜਾਂ ਨੌਂ ਦਵਾਰਿਆਂ ਅਤੇ ਮਨ-ਬੁਧੀ ਨਾਲ ਹੈ । ਅੰਤਰਮੁਖੀ ਜੀਵਨ ਦਾ ਸੰਬੰਧ ਨੌਂ ਇੰਦਰੇ ਤੇ ਮਨ-ਬੁਧੀ ਤੋਂ ਇਲਾਵਾ, ਵਧੇਰੇ ਸੁਰਤਿ ਨਾਲ ਹੈ । ਗੁਰਮਤ ਨੇ ਮਨੁੱਖੀ ਸਰੀਰ ਦੇ ਨੌਂ ਦਵਾਰਿਆਂ ਤੋਂ ਅਤਿਰਿਕਤ (ਇਲਾਵਾ), ਇਕ ਹੋਰ ਦਵਾਰੇ ਜਾਂ ਦਸਮ ਦੁਆਰੇ ਦੀ

ਸੂਝ ਦਿਤੀ ਹੈ । ਬਾਹਰ ਦੇ ਨੌਂ ਦੁਆਰੇ ਪ੍ਰਗਟ ਹਨ, ਪ੍ਰੰਤੂ, ਦਸਵਾਂ ਦਵਾਰਾ ਅੰਦਰ ਗੁਪਤ ਹੈ, ਜਿਵੇਂ ਕਿ ਫੁਰਮਾਇਆ ਹੈ :

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ
ਦਸਵਾ ਗੁਪਤੁ ਰਖਾਇਆ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਦਸਵੇਂ ਦੁਆਰੇ ਦੀ ਕੈਫ਼ੀਅਤ ਬਾਰੇ ਦਸਿਆ ਹੈ ਕਿ ਉਸ ਦੇ ਖੁਲ੍ਹਣ ਨਾਲ ਅਨੂਪ ਨਾਮ ਦਾ ਪ੍ਰਕਾਸ਼ ਮਿਲਦਾ ਹੈ ਅਤੇ ਬੇਅੰਤ ਅਮੋਲਕ ਖਜ਼ਾਨੇ ਦੀ ਪ੍ਰਾਪਤੀ ਹੁੰਦੀ ਹੈ ।

ਗੁਰ ਦੁਆਰੈ ਲਾਇ ਭਾਵਨੀ
ਇਕਨਾ ਦਸਵਾਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵ ਨਿਧਿ
ਤਿਸ ਦਾ ਅੰਤੁ ਨ ਜਾਈ ਪਾਇਆ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜੀਵਣ-ਚਾਲ ਨੂੰ ਕੇਹੜੀ ਤੋਰੇ ਤੋਰਿਆ ਜਾਵੇ ਜਿਸ ਕਰਕੇ ਨਾਮ ਦਾ ਅਮੋਲਕ ਖਜ਼ਾਨਾ ਪ੍ਰਾਪਤ ਹੋਵੇ ? ਇਸ ਬਾਰੇ ਸ੍ਰੀ ਮਾਨ ਸੰਤ ਗਿਆਨੀ ਨਿਰੰਜਨ ਸਿੰਘ ਜੀ ਦੀ ਅਜ਼ਮਾਈ ਹੋਈ ਗੁਰੂ ਜੁਗਤਿ ਨੂੰ ਥੋੜੇ ਪੰਨਿਆਂ ਵਿਚ ਪੇਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ । ਇਸ ਪੁਸਤਕ ਦਾ ਸੋਮਾ ਗੁਰਬਾਣੀ ਅਤੇ ਇਸ ਦੀ ਵਿਆਖਿਆ ਵਜੋਂ ਸਤਸੰਗਾਂ ਵਿਚ ਕਹੇ ਗਏ ਸ਼ੁਭ ਵਚਨ ਹਨ । ਜੇ ਕਿਸੇ ਪਾਠਕ ਨੂੰ ਇਸ ਪੁਸਤਕ ਤੋਂ ਕੁਝ ਲਾਹਾ ਮਿਲੇ ਤਾਂ ਗੁਰੂ ਸਾਹਿਬ ਜੀ ਦਾ ਧੰਨਵਾਦ ।

# ਭੈਰਉ ਮਹਲਾ ੫
# ਅਸਟਪਦੀਆ ਘਰੁ ੨

## ੧ੳ

ਸਤਿਗੁਰ ਪ੍ਰਸਾਦਿ ॥

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥
ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥
ਨਾਮ ਬਿਨਾ ਜਨਮੁ ਬਿਰਥਾ ਜਾਏ ॥ ੧॥
ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥
ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥ ੧॥ਰਹਾਉ ॥
ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥
ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥

ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥
ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥ ੨॥
ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥
ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥
ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥
ਨਾਮ ਬਿਨਾ ਭ੍ਰਮਿ ਆਵੈ ਜਾਈ ॥ ੩॥
ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥
ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥
ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥
ਨਾਮ ਬਿਨਾ ਮਨਮੁਖ ਗਾਵਾਰਾ ॥ ੪॥
ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥
ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥
ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥
ਨਾਮ ਹੀਣ ਨਾਹੀ ਪਤਿ ਵੇਸਾਹੁ ॥ ੫॥
ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥

ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥
ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥
ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥ ੬॥
ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥
ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥
ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥
ਨਾਮ ਬਿਨਾ ਫਿਰਿ ਆਵਣ ਜਾਣੁ ॥ ੭॥
ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥
ਸਾਧਸੰਗਤਿ ਮਹਿ ਲਖੇ ਗੋੁਪਾਲ ॥
ਆਵਣ ਜਾਣ ਰਹੇ ਸੁਖੁ ਪਾਇਆ ॥
ਕਹੁ ਨਾਨਕ ਤਤੈ ਤਤੁ ਮਿਲਾਇਆ
॥੮॥੧॥੪॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਨਾਮ ਤੇ ਇਕਸਾਰਤਾ

ਮੂਲ ਗੱਲ ਜੋ ਗੁਰਬਾਣੀ ਸਮਝਾਉਂਦੀ ਹੈ ਉਹ ਹੈ ਨਾਮ ।

> ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥
>
> ~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਹ ਨਾਮ ਅੰਦਰ ਹੈ । ਇਸ ਧਰਤੀ ਪੁਰ ਸੂਰਜ ਤੋਂ ਪਰੇ ਕੋਈ ਪ੍ਰਕਾਸ਼ ਨਹੀਂ । ਅਤੇ, ਧਰਤੀ ਵਿਚ ਜਿਤਨਾ ਧੀਰਜ ਹੈ, ਉਸ ਤੋਂ ਪਰੇ ਧੀਰਜ ਦੀ ਕੋਈ ਸੀਮਾ ਨਹੀਂ ।

ਜੋ ਮਹਾਂ ਪੁਰਖ ਹੈ, ਉਹ ਸੰਸਾਰੀ ਮਨ ਨੂੰ ਫਤਹ ਕਰਕੇ, ਭਾਵ, ਨਾਮ ਅਭਿਆਸ ਦੇ ਬਲ ਦੁਆਰਾ ਸੰਸਾਰ ਦੇ ਸਭ ਸੰਕਲਪਾਂ ਤੋਂ ਸੁਰਤਿ ਨੂੰ ਨਿਆਰਾ ਅਤੇ ਅਡਰਾ ਕਰਕੇ, ਆਪਣੇ ਅੰਦਰ ਦੇ ਧੁਰ-ਅੰਦਰ ਨਾਮ ਵਿਚ

ਪਹੁੰਚ ਜਾਂਦਾ ਹੈ। ਐਸਾ ਮਹਾਂ ਪੁਰਸ਼ ਸੂਰਜ ਵਾਂਗ ਵਿਤਕਰਾ ਰਹਿਤ ਅਤੇ ਧਰਤੀ ਵਾਂਗ ਧੀਰਜਵਾਨ ਹੋ ਜਾਂਦਾ ਹੈ।

ਸੰਸਾਰ ਦੀ ਰਚਨਾ ਦਾ ਨਿਯਮ ਹੈ ਕਿ ਇਥੇ ਦੁਖ ਅਤੇ ਸੁਖ ਇਕੱਠੇ ਚਲਦੇ ਹਨ। ਬਲਕਿ ਕਈ ਵਾਰੀ :

ਸੁਖੁ ਮਾਂਗਤ ਦੁਖੁ ਆਗੈ ਆਵੈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕੋਈ ਦਖੁ ਨਹੀਂ ਮੰਗਦਾ ਪਰ ਦੁਖ ਆ ਜਾਂਦਾ ਹੈ। ਮੰਗਦੇ ਖੁਸ਼ੀ ਹਾਂ ਪਰ ਆ ਜਾਂਦੀ ਹੈ ਗਮੀ। ਇਹ ਕਿਉਂ ? ਇਸ ਲਈ ਕਿ ਮਨ ਅੰਧਕਾਰ ਵਿਚ ਹੈ। ਸੁਖ ਦੀ ਇੱਛਾ ਛਡ ਦਿਉ ਗਮੀ ਦੀ ਹੋਂਦ ਸਮਾਪਤ ਹੋ ਜਾਂਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਜੇ ਚਾਹੁੰਦੇ ਤਾਂ ਸੁਖ ਵਿਚ ਜੀਵਨ ਸਮਾਪਤ ਕਰ ਸਕਦੇ ਸਨ। ਪ੍ਰੰਤੂ, ਉਨ੍ਹਾਂ ਨੇ ਆਪਣਾ ਜੀਵਨ-ਅੰਤ ਕਸ਼ਟ ਵਿਚ ਕੀਤਾ।

ਇਸ ਤਰ੍ਹਾਂ ਕਰਨ ਨਾਲ, ਆਪ ਵਿਰੋਧੀ ਹਾਲਾਤ ਵਿਚ ਇਕ ਸੁਰ ਰਹਿਣ ਦਾ ਅਮੋਲਕ ਜੀਵਨ-ਭੇਦ ਦੇ ਗਏ । ਸ੍ਰੀ ਸੁਖਮਨੀ ਸਾਹਿਬ ਵਿਚ ਆਪ ਦਾ ਬਚਨ ਹੈ :

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਉਪਰਲੀ ਅਸਟਪਦੀ ਦੇ ਬਚਨ ਗੁਰੂ ਦ੍ਰਿਸ਼ਟੀ ਦੇ ਲਖਾਇਕ ਹਨ। ਪ੍ਰੰਤੂ ਸਾਡੀ ਸੰਸਾਰੀ ਦ੍ਰਿਸ਼ਟੀ ਵਿਚ ਸੋਨਾ ਅਤੇ ਲੋਹਾ, ਦੁਖ ਅਤੇ ਸੁਖ, ਆਦਰ ਅਤੇ ਨਿਰਾਦਰ, ਅਮੀਰੀ ਅਤੇ ਗਰੀਬੀ, ਵਖ ਮੁੱਲ ਰਖਦੇ ਹਨ। ਗੁਰੂ ਸਾਹਿਬ ਜੀ ਦੀ ਨਜ਼ਰ ਵਿਚ ਸਮਤਾ ਹੈ।

# ਨਾਮ ਤੇ ਧਰਮ ਗ੍ਰੰਥ

ਗੁਰਬਾਣੀ ਨੂੰ ਵਿਚਾਰਨਾ ਜ਼ਿਆਦਾ ਹੈ, ਪੜ੍ਹਨਾ ਬਹੁਤ ਥੋੜਾ ਹੈ । ਐਸਾ ਕਰਨ ਨਾਲ ਮਾਰਗ ਖੁਲ੍ਹਦਾ ਹੈ ।

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਵੇਂ ਦੁਧ ਵਿਚੋਂ ਜੋ ਮਖਨ ਕਢਣ ਦੀ ਵਿਧੀ ਹੈ, ਉਸ ਨੂੰ ਸਮਝਣਾ ਹੈ, ਇਸੇ ਤਰ੍ਹਾਂ ਗੁਰਬਾਣੀ ਜਿਸ ਤਤ ਨੂੰ ਲਖਾਉਂਦੀ ਹੈ, ਉਸ ਨੂੰ ਪ੍ਰਾਪਤ ਕਰਨਾ ਹੈ ।

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ਰਹਾਉ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਮਾਰਗ ਪੁਰ ਜੀਵਨ ਦੇ ਤਿੰਨ ਪੜਾਓ ਹਨ ।

੧. ਠੀਕ ਸੁਣਨਾ ।

੨. ਠੀਕ ਸੁਣਾਉਨਾ ।

੩. ਠੀਕ ਮੰਨਣਾ ਅਤੇ ਮੰਜ਼ਿਲ ਦਾ ਠੀਕ ਨਿਰਣਾ ਹੋਣਾ ।

ਦੁਨਿਆ ਵਿਚ ੪ ਵੇਦ, ੨੭ ਸਮ੍ਰਿਤੀਆਂ, ੧੮ ਪੁਰਾਨ ਅਤੇ ਹੋਰ ਅਨੇਕ ਪੁਸਤਕਾਂ ਦੇ ਪੜ੍ਹਨ ਨਾਲ ਜੇ ਨਾਮ ਸਮਝ ਵਿਚ ਨਹੀਂ ਆਇਆ ਤਾਂ ਸਭ ਪੜ੍ਹਿਆ ਨਿਸਫਲ ਹੈ ।

ਬੇਦ ਪੁਰਾਨ ਪੜੇ ਕਾ ਕਿਆ ਗੁਨੁ
ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ
ਕੈਸੇ ਉਤਰਸਿ ਪਾਰਾ ॥ ੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਵੇਂ ਕਿਸੇ ਮਹੱਲ ਵਿਚ ਸੋਹਣਾ ਫਰਨੀਚਰ ਅਤੇ ਕਈ ਪ੍ਰਕਾਰ ਦੀ ਸਜਾਵਟ ਹੋਵੇ, ਪਰ ਜੇ ਮਹੱਲ ਵਿਚ ਚਾਨਣ ਨਹੀਂ ਤਾਂ ਸਭ ਚੀਜ਼ਾਂ ਡਰਾਉਨੀਆਂ ਲਗਦੀਆਂ ਹਨ । ਡਰ ਵਸ਼ਤੂਆਂ ਵਿਚ ਨਹੀਂ, ਹਨੇਰੇ ਵਿਚ ਹੈ । ਹਨੇਰੇ ਵਿਚ ਪ੍ਰਕਾਸ਼ ਦੀ ਲੋੜ ਹੈ, ਹੋਰ ਕੋਈ ਉਪਾਓ ਨਹੀਂ ਚਲਦਾ । ਇਸੇ ਤਰ੍ਹਾਂ ਜ਼ਿੰਦਗੀ ਵਿਚ ਨਾਮ ਦੇ ਪ੍ਰਕਾਸ਼ ਦੀ ਲੋੜ ਹੈ ਵਰਨਾ ਡਰ ਹੀ ਡਰ ਹੈ, ਖਤਰਾ ਹੀ ਖਤਰਾ ਹੈ – ਭਾਵੇਂ ਪਾਸ ਸਭ ਪਦਾਰਥ ਅਤੇ ਆਰਾਮ ਹੋਣ ।

# ਨਾਮ ਅਤੇ ਮਨੁੱਖੀ ਜੀਵਨ

ਮਨੁੱਖੀ ਜੀਵਨ ਅਕਾਲ ਪੁਰਖ ਦੀ ਇਕ ਅਮੋਲਕ ਦਾਤ ਹੈ, ਇਕ ਬਖਸ਼ਿਸ਼ ਹੈ ਨਾਮ ਪ੍ਰਕਾਸ਼ ਪ੍ਰਾਪਤ ਕਰਨ ਲਈ, ਇਕ ਲਕਸ਼ ਨੂੰ ਪਾਉਣ ਲਈ ।

ਵਡੈਭਾਗਿ ਇਹੁ ਸਰੀਰੁ ਪਾਇਆ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਹੋਰ ਕਿਸੇ ਜੂਨ ਵਿਚ ਇਹ ਵਡਿਆਈ ਨਹੀਂ, ਬਾਕੀ ਸਭ ਭੋਗ ਜੂਨੀਆਂ ਹਨ ।

ਮੁਰਦਾ ਸਰੀਰ ਨੂੰ ਭਾਵੇਂ ਕਿਤਨਾ ਸੋਨਾ ਚਾਂਦੀ ਪਹਿਨਾਓ ਅਤੇ ਸ਼ਿੰਗਾਰੋ ਅਤੇ ਚਾਹੇ, ਇਸਦੇ ਉਲਟ, ਉਸ ਪੁਰ ਖੇਹ ਸੁਆਹ ਸੁਟੋ – ਉਸਨੂੰ ਕੋਈ ਫਰਕ ਨਹੀਂ ਪੈਂਦਾ । ਇਸੇ ਤਰ੍ਹਾਂ ਨਾਮ ਪ੍ਰਕਾਸ਼ ਬਗੈਰ ਜੀਵਨ ਦਾ ਹਾਲ ਹੈ ।

ਨਾਮ ਕਿਥੇ ਟਿਕਦਾ ਹੈ ? ਨਾਮ ਇਕ ਬਹੁਤ ਵਡਾ ਖਜ਼ਾਨਾ ਹੈ । ਇਸ ਦਾ ਟਿਕਾਓ ਭਗਤਾਂ ਦੇ ਮਨ ਵਿਚ ਹੈ ।

ਭਗਤ ਜਨਾ ਕੀ ਬਰਤਨਿ ਨਾਮੁ ॥
ਸੰਤ ਜਨਾ ਕੈ ਮਨਿ ਬਿਸ੍ਰਾਮੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਹਰ ਇਕ ਦੇ ਹਿਰਦੇ ਵਿਚ ਨਾਮ ਨਹੀਂ ਟਿਕ ਸਕਦਾ । ਜਿਵੇਂ ਸ਼ੇਰਨੀ ਦਾ ਦੁਧ, ਬਗੈਰ ਸੋਨੇ ਦੇ ਬਰਤਨ ਦੇ, ਹੋਰ ਕਿਧਰੇ ਨਹੀਂ ਟਿਕ ਸਕਦਾ, ਇਸੇ ਤਰ੍ਹਾਂ ਨਾਮ, ਬਗੈਰ ਭਗਤਾਂ ਦੇ ਹਿਰਦੇ ਦੇ, ਹੋਰ ਕਿਧਰੇ ਨਹੀਂ ਟਿਕ ਸਕਦਾ ।

ਹਰ ਕੋਈ ਨਾਮ ਦਾ ਅਧਿਕਾਰੀ ਨਹੀਂ । ਨਾਮ ਪਰਾਪਤੀ ਲਈ ਬਾਲਮੀਕ ਰਿਸ਼ੀ ਨੇ ਇਕ ਹਜ਼ਾਰ ਵਰ੍ਹਾ ਮਰਾ-ਮਰਾ ਕੀਤਾ ।

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ੧੨ ਸਾਲ ਗਾਗਰ ਢੋਣ ਦੀ ਅਤੇ ਹੋਰ ਅਧਿਕ ਤਪਸਿਆ ਕੀਤੀ । ਅਸੀਂ ਕੀ ਚਾਹੁੰਦੇ ਹਾਂ ? ਸਾਡੀ ਇਛਾ ਹੈ ਕਿ ਦੁਨੀਆਂ ਦੇ ਰਸ ਭੋਗ ਵੀ ਕਰੀਏ ਅਤੇ ਨਾਲ ਤੁਰੰਤ ਨਾਮ ਵੀ ਮਿਲ ਜਾਇ । ਇਹ ਨਹੀਂ ਹੋ ਸਕਦਾ । ਇਥੇ ਲੋੜ ਹੈ ਮਿਹਨਤ ਦੀ▼, ਘਾਲ ਕਮਾਈ ਦੀ, ਮਸ਼ੱਕਤ ਦੀ, ਸ਼ੌਂਕ ਦੀ ।

ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

---

▼ਦਿਲਚਸਪੀ ਲਈ ਦੇਖੋ :

**ਸਵਾਲ ਪੀਰ ਬਹਾਵ ਦੀਨ :**

ਕਰਕੇ ਕੇਹੜੀ ਬੰਦਗੀ ਮਿਲੇ ਗਰੀਬ-ਨਿਵਾਜ ?

**ਜਵਾਬ ਨਾਨਕ ਸ਼ਾਹ :**

ਕਰ ਕੇ ਮਿਹਨਤ ਬੰਦਗੀ ਮਿਲੇ ਗਰੀਬ ਨਿਵਾਜ ।
ਜਾਂ ਰਬ ਮਿਲੇ ਤਾਂ ਕਰਮ ਹੋਇ ਸਭ ਪੂਰਨ ਹੋਵੈ ਕਾਜ ।

(ਮਹਿਮਾ ਪ੍ਰਕਾਸ਼)

# ਨਾਮ ਤੇ ਦੁਖ ਸੁਖ

ਸਭ ਦੁਖ ਦੇ ਘੇਰੇ ਵਿਚ ਹਨ ।

ਨਾਨਕ ਦੁਖੀਆ ਸਭੁ ਸੰਸਾਰੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਿਰਫ ਨਾਮ ਹੀ ਹੈ, ਭਾਵ ਨਾਮ ਵਿਚ ਸੁਰਤਿ ਦਾ ਟਿਕਾਓ ਹੀ ਹੈ ਜੋ ਦੁਖ ਨੂੰ ਮੇਟ ਸਕਦਾ ਹੈ ।

ਮੁਖ ਕਰ ਕੇ ਤਿੰਨ ਚੀਜ਼ਾਂ ਦੁਖ ਦਾ ਕਾਰਨ ਹਨ :

੧. ਮੋਹ

੨. ਝਗੜਾ

੩. ਅਹੰਕਾਰ – ਧਨ ਦਾ, ਵਿਦਿਆ ਦਾ, ਜਵਾਨੀ ਦਾ, ਰਾਜ ਪਾਟ ਦਾ, ਕੁਰਸੀ ਦਾ, ਇਤਿਆਦਿ ।

ਹਮ ਬਡ ਕਬਿ ਕੁਲੀਨ ਹਮ ਪੰਡਿਤ
ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ
ਇਹ ਬੁਧਿ ਕਬਹਿ ਨ ਨਾਸੀ ॥ ੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਮ ਵਿਸਾਰ ਕੇ ਦੁਖ ਆਉਂਦਾ ਹੈ, ਨਾਮ ਵਿਚ ਜੁੜਨ ਨਾਲ ਸੁਖੀ ਹੋ ਜਾਂਦਾ ਹੈ ।

# ਨਾਮ ਇਕ ਧੁਰਵਾ

**ਨਾਮ ਕੀ ਹੈ ?** ਨਾਮ ਦੇ ਬਹੁਤ ਅਰਥ ਹਨ, ਇਕ ਨਹੀਂ। ਅਸਲ ਵਿਚ ਨਾਮ ਹੀ ਹੈ ਨਾਮੀ ਦਾ ਨਾਮ। ਜਿਵੇਂ ਬਰਫ ਇਕ ਨਾਮ ਹੈ। ਇਹ ਨਾਮ ਜੁੜਿਆ ਹੋਇਆ ਹੈ ਠੰਡਕ ਨਾਲ, ਠੰਡੇ ਪਦਾਰਥ ਨਾਲ ਜੋ ਨਿੱਗਰ(solid) ਹੈ। ਇਸੇ ਤਰ੍ਹਾਂ ਨਾਮ ਅਕਾਲ ਪੁਰਖ ਦੀ ਹੋਂਦ(existence) ਨੂੰ ਪ੍ਰਗਟ ਕਰਦਾ ਹੈ, ਵਾਹਿਗੁਰੂ ਦੀ ਹੋਂਦ ਦਰਸਾਉਂਦਾ ਹੈ। **ਨਾਮ ਵਾਹਿਗੁਰੂ ਦਾ ਆਪਣਾ ਆਪਾ ਹੈ।** ਹੋਰ ਜੋ ਨਾਮ ਹਨ ਉਹ ਕਿਰਤਮ ਹਨ। ਬਾਜਾਂ ਵਾਲੇ, ਕਲਗੀਆਂ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਦ ਹੋਏ ਜਦ ਆਪ ਨੇ ਬਾਜ ਜਾਂ ਕਲਗੀ ਨੂੰ ਧਾਰਨ ਕੀਤਾ।

ਨਾਮ ਹੈ ਧੁਰਵਾ, ਜਿਸ ਦੇ ਆਸਰੇ ਤੇ ਸਭ ਕੁਝ ਖੜਾ ਹੈ – ਜੀਵ, ਜੰਤੂ, ਜ਼ਮੀਨ, ਅਸਮਾਨ, ਖੰਡ

ਬ੍ਰਹਮੰਡ, ਆਦਿ । ਨਾਮ ਸਭ ਨੂੰ ਧਾਰ ਰਿਹਾ ਹੈ, ਜਿਵੇਂ ਕਿ ਗੁਰਵਾਕ ਹੈ ਸ੍ਰੀ ਸੁਖਮਨੀ ਸਾਹਿਬ ਵਿਚ :

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~



Return To Index

ਨਾਮ ਜਪਣ ਦਾ ਭਾਵ ਹੈ ਬਿਰਤੀ ਨੂੰ ਅਕਾਲ ਪੁਰਖ ਵਿਚ ਲੈ ਕਰਨਾ । ਮਨੁੱਖ ਦਾ ਕੇਂਦਰ (centre) ਨਾਮ ਹੈ । ਆਪਣੇ ਕੇਂਦਰ ਨਾਲ ਜੁੜਨਾ ਖਿੜਨਾ ਹੈ ਅਤੇ ਆਪਣੇ ਕੇਂਦਰ ਨਾਲੋਂ ਟੁਟਣਾ ਨਸ਼ਟ ਹੋਣਾ ਹੈ । ਜਿਵੇਂ ਫੁਲ ਜਦ ਆਪਣੇ ਕੇਂਦਰ, ਟਾਹਣੀ ਨਾਲੋਂ ਟੁਟ ਜਾਇ ਤਾਂ ਮੁਰਝਾ ਜਾਂਦਾ ਹੈ । ਇਹ ਕੁਦਰਤ ਦਾ ਕਾਨੂੰਨ ਹੈ ਕਿ ਜੋ ਕੋਈ ਆਪਣੇ ਕੇਂਦਰ ਤੋਂ ਟੁਟ ਜਾਂਦਾ ਹੈ ਉਹ ਖੁਆਰ ਹੁੰਦਾ ਹੈ ।

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਲਈ, ਜ਼ਿੰਦਗੀ ਦੇ ਲਕਸ਼ ਦੀ ਮੰਗ ਹੈ ਕਿ ਆਪਣੇ ਕੇਂਦਰ ਨਾਲ ਜੁੜੋ, ਨਾਮ ਨਾਲ ਜੁੜੋ ।

# ਨਾਮ ਤੇ ਕਿਰਪਾ

ਨਾਮ ਨਾਲ ਜੁੜਨਾ ਅੰਤਰਮੁਖ ਹੋਣਾ ਹੈ, ਬਿਰਤੀ ਨੂੰ ਸੂਖਸ਼ਮਤਾ ਦੇ ਘਰ ਵਲ ਲੈ ਜਾਣਾ ਹੈ ਅਤੇ ਇਕ(੧) ਵਿਚ ਸਥਿਰ ਹੋਣਾ ਹੈ ।

ਪ੍ਰੰਤੂ ਬਿਰਤੀ ਸੂਖਸ਼ਮ ਹੁੰਦੀ ਨਹੀਂ, ਇਹ ਸੰਸਾਰ ਦੇ ਜੜ ਪਦਾਰਥਾਂ ਨਾਲ ਲਿਪਟੀ ਹੋਣ ਕਰਕੇ ਬਾਹਰਮੁਖੀ ਅਤੇ ਅਸਥੂਲ ਹੋ ਗਈ ਹੈ । ਇਸ ਨੂੰ ਕਈ ਬੰਧਨਾਂ ਨੇ ਘੇਰਿਆ ਹੋਇਆ ਹੈ ਅਤੇ ਹਰ ਵਕਤ ਚਲਾਇਮਾਨ ਰਹਿੰਦੀ ਹੈ ।

ਸਭ ਤੋਂ ਵੱਡਾ ਬੰਧਨ ਹੈ ਮੈਂ ਮੇਰੀ ਦਾ ਜੋ ਮਨੁੱਖ ਦੇ ਵਿਚ ਇਕ ਮੋਟਾ ਸੰਗਲ ਹੈ ।

ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਤਾਂ ਫਿਰ ਨਾਮ ਕਿਵੇਂ ਜਪਿਆ ਜਾਵੇ ? ਨਾਮ ਜਪਣ ਦੀ ਵਿਧੀ ਕਿਥੋਂ ਮਿਲੇ ਅਤੇ ਵਿਧੀ ਕੀ ਹੈ ?

ਨਾਮ ਜਾਪ ਲਈ ਦੋ ਗੱਲਾਂ ਦੀ ਆਵਸ਼ਕਤਾ ਹੈ ।

੧. ਗੁਰੂ ਸਾਹਿਬ ਜੀ ਦੀ ਕਿਰਪਾ ।

੨. ਕਿਸੇ ਨਿਰਬੰਧ ਪੁਰਸ਼ ਦੀ ਕਿਰਪਾ ।

ਨਿਰਬੰਧ ਪੁਰਸ਼ ਉਹ ਹੈ ਜਿਸ ਨੇ ਆਪਣੇ ਆਪ ਨੂੰ ਸਾਧਿਆ ਹੋਇਆ ਹੈ, ਜਾਂ ਸਾਧੂ ਹੋ ਗਿਆ ਹੈ । ਐਸਾ ਸਾਧੂ ਪੁਰਸ਼ ਕੋਈ ਵਿਰਲਾ ਹੁੰਦਾ ਹੈ । ਅਤੇ ਉਸ ਦੀ ਸੁਰਤਿ ਭਜਨ ਬੰਦਗੀ ਦੇ ਬਲ ਪ੍ਰਤਾਪ ਨਾਲ ਰਚਨਾ ਦੇ ਹਰ ਸੰਕਲਪ ਤੋਂ ਬੰਦ ਖਲਾਸ਼ੀ ਪਾ ਗਈ ਹੁੰਦੀ ਹੈ ।

# ਨਾਮ ਤੇ ਸਾਧੂ

ਸਾਧੂ ਕਿਸੇ ਭੇਖ ਦਾ ਨਾਮ ਨਹੀਂ। ਸਾਧੂ ਦੇ ਛੇ ਲਛਣ ਗੁਰਬਾਣੀ ਨੇ ਸਹਸਕ੍ਰਿਤੀ ਸਲੋਕਾਂ ਵਿਚ ਇਸ ਤਰ੍ਹਾਂ ਬਿਆਨ ਕੀਤੇ ਹਨ :

ਮੰਤ੍ਰੰ ਰਾਮ ਰਾਮ ਨਾਮੰ ਧ੍ਯ੍ਯਾਨੰ ਸਰਬਤ੍ਰ ਪੂਰਨਹ ॥
ਗ੍ਯ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ
ਜਲ ਕਮਲ ਰਹਤਹ ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ
ਆਪੁ ਤ੍ਯ੍ਯਿਾਗਿ ਸਗਲ ਰੇਣੁਕਹ ॥
ਖਟ ਲਖ੍ਯ੍ਯਣ ਪੂਰਨੰ ਪੁਰਖਹ
ਨਾਨਕ ਨਾਮ ਸਾਧ ਸ੍ਵਜਨਹ ॥੪੦॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਉਪਰੋਕਤ ਸਲੋਕ ਅਨੁਸਾਰ ਜੋ ਆਦਰਸ਼ਕ ਪੁਰਸ਼ ਹੈ ਜਾਂ ਸਾਧੂ ਹੈ ਉਸ ਦੇ ਲਛਣ ਹਨ ਕਿ :

੧. ਉਹ ਰਮੇ ਹੋਏ ਰਾਮ ਦੇ ਨਾਮ ਦਾ ਮੰਤ੍ਰ ਦਸਦਾ ਹੈ ਅਤੇ ਖੁਦ ਵੀ ਉਸੇ ਨੂੰ ਕਮਾਂਦਾ ਹੈ ।

੨. ਧਿਆਨ ਭੀ ਉਹ ਉਸੇ ਦਾ ਦਸਦਾ ਹੈ ਜੋ ਸਰਬਤ੍ਰ ਵਿਆਪਕ ਹੈ । ਜਿਹੜੇ ਗੁਰਮੰਤ੍ਰ ਤਾਂ ਉਸ ਦਾ ਦਸਦੇ ਹਨ ਜੋ ਸਭ ਵਿਚ ਰਮਿਆ ਹੋਇਆ ਹੈ, ਪ੍ਰੰਤੂ, ਧਿਆਨ ਕਿਸੇ ਦੇਹ ਦਾ ਕਰਾਂਦੇ ਹਨ ਉਹਨਾਂ ਦਾ ਸਿਧਾਂਤ ਗੁਰਮਤ ਦੇ ਅਨਕੂਲ ਨਹੀਂ ।

੩. ਉਸ ਦਾ ਗਿਆਨ ਇਹ ਹੈ ਕਿ ਦੁਖ ਅਤੇ ਸੁਖ ਵਿਚ ਇਕੋ ਜਿਹਾ ਰਹਿਣਾ । ਸੁਖ ਵਿਚ ਉਹ ਮੱਛਰਦਾ ਨਹੀਂ ਅਤੇ ਦੁਖ ਵਿਚ ਉਹ ਪੀੜਤ ਨਹੀਂ ਹੁੰਦਾ, ਅਤੇ ਸੀਲ ਨਾਲ ਦੁਖ ਵਿੱਚੋਂ ਗੁਜ਼ਰ

ਜਾਂਦਾ ਹੈ। ਉਸ ਦਾ ਗਿਆਨ ਕੋਈ ਵਖਿਆਨ ਜਾਂ ਵਿਆਕਰਣ ਪੜ੍ਹਨੀ ਪੜ੍ਹਾਨੀ ਨਹੀਂ ਸਗੋਂ ਖੁਦ ਸੁਖ ਦੁਖ ਵਿਚ ਇਕੋ ਜਿਹਾ ਰਹਿਣਾ ਅਤੇ ਦੂਜਿਆਂ ਨੂੰ ਐਸਾ ਰਹਿਣ ਲਈ ਉਪਦੇਸ਼ ਕਰਨਾ। ਉਸ ਦੀ ਐਸੀ ਨਿਰਮਲ ਜੁਗਤੀ ਹੈ।

੪. ਕਾਮ ਕ੍ਰੋਧ ਆਦਿ ਪੰਜ ਦੂਤ ਉਸ ਨੇ ਆਪਣੇ ਵਸ ਕੀਤੇ ਹੁੰਦੇ ਹਨ। ਉਸ ਨੇ ਇਹਨਾਂ ਪੁਰ ਕਾਬੂ ਪਾਇਆ ਹੁੰਦਾ ਹੈ। ਅਤੇ ਸਭਨਾਂ ਜੀਆਂ ਪਰ ਇਕੋ ਜਹੀ ਦਇਆਲਤਾ ਰਖਦਾ ਹੈ।

੫. ਉਸ ਦੀ ਖੁਰਾਕ ਇਸ਼ਕ ਦੀ ਹੁੰਦੀ ਹੈ ਜੋ ਉਸ ਨੂੰ ਰੱਬ ਨਾਲ ਲਗਾ ਹੁੰਦਾ ਹੈ। ਜਿਵੇਂ ਕਿਸੇ ਪੁਰਸ਼ ਅਤੇ ਇਸਤਰੀ ਨੂੰ ਆਪਸ ਵਿਚ ਇਸ਼ਕ ਲਗ ਜਾਵੇ ਤਾਂ ਜਿਹੜਾ ਉਹਨਾਂ ਅੰਦਰ ਸੱਲ ਉਠਦਾ ਹੈ ਉਹ ਸਿਮਰਨ ਹੈ। ਐਸੀ ਹੀ ਹਾਲਤ ਉਸ

ਸਾਧ ਦੀ ਹੁੰਦੀ ਹੈ ਜਿਸ ਨੂੰ ਰੱਬ ਦਾ ਇਸ਼ਕ ਲਗਾ ਹੋਵੇ । ਉਸ ਦੇ ਅੰਦਰ ਇਕ ਲਗਾਤਾਰ ਤੜਪ ਲਗੀ ਰਹਿੰਦੀ ਹੈ ਅਤੇ ਦੁਨੀਆਂ ਵਿਚ ਰਹਿੰਦਾ ਹੋਇਆ ਉਹ ਇਸ ਵਲੋਂ ਅਲੇਪ ਰਹਿੰਦਾ ਹੈ, ਜਿਵੇਂ ਕੰਵਲ ਪਾਣੀ ਵਿਚ ਰਹਿੰਦਾ ਹੈ ।

ਦਰਸ ਬਿਹੂਨਾ ਸਾਧ ਜਨੁ
ਖਿਨੁ ਟਿਕਣੁ ਨ ਆਵੈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

੬. ਉਸ ਨੇ ਦੁਨੀਆਂ ਨੂੰ ਅਸੱਤ ਕੀਤਾ ਹੁੰਦਾ ਹੈ, ਭਾਵ ਦੁਨੀਆਂ ਦੀ ਹੋਂਦ ਨੂੰ ਉਸ ਨੇ ਆਪਣੇ ਸੰਕਲਪ ਵਿਚੋਂ ਨਫੀ ਕੀਤਾ ਹੁੰਦਾ ਹੈ । ਇਸ ਲਈ, ਉਹ ਇਥੇ ਕਿਸੇ ਨਾਲ ਨਾ ਪਿਆਰ ਪਾਂਦਾ ਹੈ ਅਤੇ ਨਾ ਦੁਸ਼ਮਨੀ ਪਾਂਦਾ ਹੈ । ਉਹ ਸਭ ਨੂੰ ਇਕੋ ਜਿਹਾ ਉਪਦੇਸ਼ ਕਰਦਾ ਹੈ । ਆਪਣੇ ਆਪ

ਨੂੰ ਔਗਣਹਾਰ ਸਮਝਦਾ ਹੋਇਆ ਉਹ ਸਭ ਦੀ ਚਰਨ ਧੂੜ ਹੋਇਆ ਹੁੰਦਾ ਹੈ ਅਤੇ ਕਿਸੇ ਨੂੰ ਮਾੜਾ ਨਹੀਂ ਜਾਣਦਾ ਅਤੇ ਨਾ ਹੀ ਕਿਸੇ ਦੀ ਨਿੰਦਿਆ ਕਰਦਾ ਹੈ। ਉਹ ਜਾਣਦਾ ਹੈ ਕਿ ਨਿੰਦਿਆ ਇਕ ਐਸਾ ਗੁਨਾਹ ਹੈ ਜਿਸ ਦਾ ਫਾਇਦਾ ਕੋਈ ਨਹੀਂ, ਨੁਕਸਾਨ ਹੀ ਨੁਕਸਾਨ ਹੈ।

ਨਿੰਦਕੁ ਸੋਧਿ ਸਾਧਿ ਬੀਚਾਰਿਆ ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ
॥੪॥੨॥੧੧॥੭॥੨॥੪੯॥ਜੋੜੁ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਨਾਮ ਰੰਗ ਤੇ ਨਦਰ

ਐਸੇ ਸਾਧੂ ਦੇ ਸੰਗ ਨਾਲ ਨਾਮ ਦਾ ਰੰਗ ਚੜ੍ਹਦਾ ਹੈ ।

ਅਦਿਸਟੁ ਅਗੋਚਰੁ ਪਾਰਬ੍ਰਹਮੁ
ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮਦੁਆਰਿ ਵਜਿਓ
ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਾਧ ਦਾ ਸੰਗ, ਨਾਮ ਦਾ ਰੰਗ – ਇਹ ਗੁਰਸਿੱਖਾਂ ਦੀ ਨਿਤ ਦੀ ਅਰਦਾਸ ਹੈ । ਨਾਮ ਦੇ ਰੰਗ ਨਾਲ ਨਦਰ ਹੁੰਦੀ ਹੈ ਅਕਾਲ ਪੁਰਖ ਦੀ ।

ਜਿਤਨਾ ਚਿਰ ਨਦਰ ਨਹੀਂ ਹੋਈ, ਉਤਨਾ ਚਿਰ ਬਣ ਆਉਂਦਾ ਹੈ ਜੋ ਰੋਇਆ ਜਾਇ, ਅਕਾਲ ਪੁਰਖ ਅਗੇ

ਅਰਦਾਸ ਕੀਤੀ ਜਾਇ, ਕੀਰਨੇ ਕਢੇ ਜਾਣ, ਨਵੇਕਲੇ ਹੋ ਕੇ ਅਤੇ ਅੰਤਰ ਧਿਆਨ ਹੋ ਕੇ ।

# ਨਾਮ ਤੇ ਕੀਰਤਨ

ਪ੍ਰਭੂ ਅਗੇ ਕੀਰਨੇ ਕਢਣੇ ਹੀ ਗੁਰਮਤ ਵਿਚ ਕੀਰਤਨ ਦਾ ਭਾਵ ਹੈ ।

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ
॥੮॥੨॥੫॥੧੬॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਵੇਂ ਚੋਟ ਲਗਣ ਤੇ ਬੱਚਾ ਰੋਂਦਾ ਅਤੇ ਚੀਕਦਾ ਹੈ ਤਾਂ ਮਾਤਾ ਸਭ ਕੰਮ ਛਡ ਕੇ ਤੁਰੰਤ ਉਸ ਦੀ ਸਾਰ ਲੈਂਦੀ ਹੈ, ਇਸੇ ਤਰ੍ਹਾਂ ਅਕਾਲ ਪੁਰਖ ਸਾਡੀ ਸਾਰ ਸੰਭਾਲ ਕਰਦਾ ਹੈ ਜੇ ਦਿਲੋਂ ਸਚੀ ਪੁਕਾਰ ਕਰੀਏ ।

# ਨਾਮ ਤੇ ਅੰਮ੍ਰਿਤ ਵੇਲਾ

ਥੋੜੇ ਸ਼ਬਦਾਂ ਵਿਚ ਤਾਤਪਰਜ(gist) ਇਹ ਹੈ ਕਿ ਜੀਵਨ ਪ੍ਰਕਾਸ਼ ਅਤੇ ਵਿਕਾਸ ਲਈ ਆਪਣੇ ਆਪ ਨੂੰ ਵਾਹਿਗੁਰੂ ਦੀ ਹੋਂਦ ਅਥਵਾ ਨਾਮ ਨਾਲੋਂ ਟੁਟਣ ਨਾ ਦਿਓ। ਇਸ ਮਨੋਰਥ ਲਈ ਸਭ ਤੋਂ ਮੁਖ ਸਾਧਨ ਹੈ ਅੰਮ੍ਰਿਤ ਵੇਲੇ ਦੀ ਸੰਭਾਲ ਕਰਨਾ। ਸਿਰਫ ਇਹ ਹੀ ਐਸਾ ਸਮਾਂ ਹੈ ਜਦ ਬਿਰਤੀ ਅੰਤਰਮੁਖ ਟਿਕਾਓ ਵਿਚ ਜਾ ਸਕਦੀ ਹੈ ਅਤੇ ਕਲਿਆਣ ਮਿਲਦੀ ਹੈ।

ਅੰਮ੍ਰਿਤ ਵੇਲਾ ਸਚੁ ਨਾਉ
ਵਡਿਆਈ ਵੀਚਾਰੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰਿ ਸੁਣੀ ਪੁਕਾਰ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਹਰਿ ਧਨੁ

ਅੰਮ੍ਰਿਤ ਵੇਲੈ ਵਤੈ ਕਾ ਬੀਜਿਆ

ਭਗਤ ਖਾਇ

ਖਰਚਿ ਰਹੇ

ਨਿਖੁਟੈ ਨਾਹੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਫਰੀਦਾ ਪਿਛਲ ਰਾਤਿ ਨ ਜਾਗਿਓਹਿ

ਜੀਵਦੜੋ ਮੁਇਓਹਿ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪਰਭਾਤੇ ਪ੍ਰਭ ਨਾਮੁ ਜਪਿ

ਗੁਰ ਕੇ ਚਰਣ ਧਿਆਇ ॥

ਜਨਮ ਮਰਣ ਮਲੁ ਉਤਰੈ

ਸਚੇ ਕੇ ਗੁਣ ਗਾਇ ॥ ੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਦੁਨੀਆਂ ਵਿਚ ਜਾਂ ਵਿਕਾਸ ਹੈ ਜਾਂ ਵਿਨਾਸ਼ ਹੈ। ਕੋਈ ਵਸਤੂ ਇਕ ਹਾਲਤ ਵਿਚ ਨਹੀਂ ਰਹਿੰਦੀ। ਇਹ ਕੁਦਰਤ ਦਾ ਨਿਯਮ ਹੈ। ਚਾਹੇ ਅਗੇ ਵਧੋ, ਚਾਹੇ ਪਿਛੇ ਹਟੋ। ਨਾਮ ਪ੍ਰਕਾਸ਼ ਵਲ ਕਦਮ ਪੁਟਣਾ ਅਗੇ ਵਧਣਾ ਹੈ, ਵਿਕਾਸ ਵਲ ਜਾਣਾ ਹੈ। ਨਾਮ ਦੇ ਉਲਟ ਤੁਰਨਾ, ਵਿਨਾਸ਼ ਵਲ ਜਾਣਾ ਹੈ। ਜਿਵੇਂ ਕੱਲਰ ਦੀ ਦੀਵਾਰ ਡਿਗ ਪੈਂਦੀ ਹੈ ਇਸੀ ਤਰ੍ਹਾਂ ਨਾਮ ਵਿਹੂਣੀ ਜੀਵ ਆਤਮਾ ਦਾ ਪਤਨ ਹੈ।

ਣਾਮ ਵਿਹੂਣੇ ਆਦਮੀ
ਕਲਰ ਕੰਧ ਗਿਰੰਤਿ ॥
ਵਿਣੁ ਨਾਵੈ ਕਿਉ ਛੂਟੀਐ
ਜਾਇ ਰਸਾਤਲਿ ਅੰਤਿ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਨਾਮ ਨਾਦ ਤੇ ਜੋਤ

ਨਾਮ ਮਿੱਠਾ ਤੇ ਸੁਰੀਲਾ ਨਾਦ ਹੈ, ਪ੍ਰਭੂ ਦੀ ਆਵਾਜ਼ ਹੈ ਜੋ ਅੰਤ੍ਰੀਵ ਹੈ ਪਰ ਸੁਣੀਂਦੀ ਨਹੀਂ ।

ਭੁਗਤਿ ਗਿਆਨੁ ਦਇਆ ਭੰਡਾਰਣਿ
ਘਟਿ ਘਟਿ ਵਾਜਹਿ ਨਾਦ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕੀਰਤਨ ਇਕ ਸਾਧਨ ਹੈ ਜੋ ਗੁਰੂ ਸਾਹਿਬ ਜੀ ਨੇ ਪਰਦਾਨ ਕੀਤਾ ਹੈ – ਨਾਦ ਨਾਲ ਨਾਦ ਸੁਣਨ ਦਾ ਜਾਂ ਨਾਮ ਪ੍ਰਕਾਸ਼ ਦਾ । ਕੀਰਤਨ ਰੱਬੀ ਨਾਦ ਦਾ ਪ੍ਰਤੀਕ ਹੈ ।

ਸਭਿ ਨਾਦ ਬੇਦ ਗੁਰਬਾਣੀ ॥
ਮਨੁ ਰਾਤਾ ਸਾਰਿਗਪਾਣੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਰੱਬੀ ਨਾਦ ਨੂੰ ਸੁਣਨ ਲਈ ਮਨ ਦੀ ਹਾਜ਼ਰੀ ਚਾਹੀਏ । ਜੇ ਮਨ ਹਾਜ਼ਰ ਨਹੀਂ, ਤਾਂ ਗੁਰਬਾਣੀ ਜੋ ਇਕ ਭੇਦ ਜਾਂ secret ਖੋਲ੍ਹਣਾ ਚਾਹੁੰਦੀ ਹੈ, ਉਹ ਨਹੀਂ ਖੁਲ੍ਹਦਾ ।

ਮਨ ਦੀ ਹਾਜ਼ਰੀ ਨਾਲ ਅੰਤਰਮੁਖ ਹੋ, ਧਿਆਨ ਜੋੜ ਤੇ ਹਿਤ ਲਾ ਕੇ, ਜੇ ਬਾਣੀ ਨੂੰ ਪੜ੍ਹੀਏ, ਸੁਣੀਏ ਤੇ ਵਿਚਾਰੀਏ ਤਾਂ ਭੇਦ ਖੁਲ੍ਹਣ ਦਾ ਰਾਹ ਮਿਲਦਾ ਹੈ ।

ਇਸ ਮਾਰਗ ਤੇ ਕਈ ਪਰਤਾਂ ਹਨ । ਜਿਉਂ ਜਿਉਂ ਅੰਦਰ ਜਾਓ, ਪਰਤਾਂ ਉਘੜਦੀਆਂ ਹਨ । ਨਾਮ-ਤਤ, ਮਨ ਦੀਆਂ ਪਰਤਾਂ ਲੰਘਣ ਦੇ ਬਾਦ ਪ੍ਰਗਟ ਹੁੰਦਾ ਹੈ ਅਤੇ ਅੰਦਰਲਾ ਸੰਤੁਸ਼ਟਤਾ ਤਥਾ ਅਡੋਲਤਾ ਨਾਲ ਭਰਪੂਰ ਹੋ ਜਾਂਦਾ ਹੈ ।

ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ
ਗੁਰਿ ਦੀਨੋ ਮੰਤਾਨੀ ॥
ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ
ਪੂਰਨ ਹੋਇ ਤ੍ਰਿਪਤਾਨੀ ॥ ੨॥
ਓਇ ਜੁ ਬੀਚ ਹਮ ਤੁਮ ਕਛੁ ਹੋਤੇ
ਤਿਨ ਕੀ ਬਾਤ ਬਿਲਾਨੀ ॥
ਅਲੰਕਾਰ ਮਿਲਿ ਥੈਲੀ ਹੋਈ ਹੈ
ਤਾ ਤੇ ਕਨਿਕ ਵਖਾਨੀ ॥ ੩॥
ਪ੍ਰਗਟਿਓ ਜੋਤਿ ਸਹਜ ਸੁਖ ਸੋਭਾ
ਬਾਜੇ ਅਨਹਤ ਬਾਨੀ ॥
ਕਹੁ ਨਾਨਕ ਨਿਹਚਲ ਘਰੁ ਬਾਧਿਓ
ਗੁਰਿ ਕੀਓ ਬੰਧਾਨੀ ॥ ੪॥ ੫॥

(ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ੬੭੧)

# ਨਾਮ ਤੇ ਤਤ ਦ੍ਰਿਸ਼ਟੀ

ਉਪਰੋਕਤ ਅਵਸਥਾ ਉਸ ਪੁਰ ਵਾਪਰਦੀ ਹੈ ਜਿਸ ਦੀ ਦਿੱਬ ਦ੍ਰਿਸ਼ਟੀ ਅਥਵਾ ਬ੍ਰਹਮ ਦ੍ਰਿਸ਼ਟੀ ਜਾਂ ਤਤ ਦ੍ਰਿਸ਼ਟੀ ਖੁਲ੍ਹ ਜਾਇ ਅਤੇ ਇਕ(੧) ਦੀ ਬੁਝਾਰਤ ਬੁਝੀ ਜਾਇ ਜਿਵੇਂ ਕਿ ਫੁਰਮਾਇਆ ਹੈ ਅਨੰਦ ਸਾਹਿਬ ਵਿਚ:

ਗੁਰਪਰਸਾਦੀ ਬੁਝਿਆ
ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ
ਦਿਬ ਦ੍ਰਿਸਟਿ ਹੋਈ ॥੩੬ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਏਕੇ ਦੀ ਬੁਝਾਰਤ ਉਹ ਬੁਝਦਾ ਹੈ ਜਿਹੜਾ ਸੰਸਾਰੀ ਮਨ ਪੁਰ ਫਤਹ ਪਾ ਜਾਂਦਾ ਹੈ ਅਤੇ "ਜੋਧ ਮਹਾ ਬਲ ਸੂਰ" ਦੀ ਪਦਵੀ ਨੂੰ ਪ੍ਰਾਪਤ ਹੁੰਦਾ ਹੈ ।

ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾ ਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸੰਸਾਰ ਅਨੇਕਤਾ ਹੈ ; ਇਸ ਦੇ ਖਿਆਲ ਵਿਚ ਪ੍ਰੋਤਾ ਮਨ ਬਾਹਰਮੁਖੀ ਹੋ ਜਾਂਦਾ ਹੈ ਅਤੇ ਸੁਰਤਿ ਅਨੇਕਤਾ ਵਿਚ ਜਕੜੀ ਰਹਿੰਦੀ ਹੈ । ਨਾਮ ਪ੍ਰਕਾਸ਼ ਜਾਂ ਦਿਬ/ਤਤ ਦ੍ਰਿਸ਼ਟੀ ਲਈ ਸੁਰਤਿ ਦੀ ਏਕੇ ਵਿਚ ਲੀਨਤਾ ਦੀ ਲੋੜ ਹੈ । ਵਰਨਾ ਹੈ :

ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਨਾਮ ਤੇ ਏਕਾ – ੧ਓ

ਗੁਰੂ ਸਾਹਿਬ ਜੀ ਨੇ ਹਰ ਬਾਣੀ ਦੇ ਮੁਢ ਵਿਚ ਜੋ ਇਕ(੧) ਲਗਾਇਆ ਹੈ ਇਸ ਵਿਚ ਕੋਈ ਖਾਸ ਭੇਦ ਹੈ, ਖਾਸ ਮਹੱਤਤਾ ਹੈ ।

ਇਕ ਦਾ ਅਰਥ–ਭਾਵ ਗਿਣਤੀ ਦਾ ਪਰਤੀਕ ਇਕ ਨਹੀਂ ਹੈ । ਗੁਰੂ ਜੀ ਨੇ ਅੰਕ ੧ ਇਸ ਲਈ ਲਗਾਇਆ ਹੈ ਕਿ ਮੂਲ ਤੱਤ ਨੂੰ ਬਿਆਨਣ ਲਈ ਜਿਤਨੇ ਵੀ ਅਖਰ ਹਨ, ਉਹ ਸਭ ਅਧੂਰੇ ਹਨ ।

ਕਿਉਂ ਅਧੂਰੇ ਹਨ ? ਇਸ ਲਈ ਕਿ ਵਿਦਵਾਨ ਲੋਕ ਇਕ ਅਖਰ ਦੇ ਕਈ ਕਈ ਅਰਥ ਪ੍ਰਗਟ ਕਰਦੇ ਹਨ ਜਿਸ ਕਰਕੇ ਜਿਸ ਨੂੰ ਉਹ ਦਸਦੇ ਹਨ, ਉਸ ਬਾਰੇ ਭ੍ਰਾਂਤੀ(doubt) ਖੜੀ ਹੋ ਜਾਂਦੀ ਹੈ ।



Return To Index

ਜਿਵੇਂ ਮਹਾਂਭਾਰਤ ਵਿਚ ਆਉਂਦਾ ਹੈ ਕਿ ਕੁੰਚਰੋ ਸ਼ਬਦ ਹਾਥੀ ਵਾਸਤੇ ਹੈ ਜਾਂ ਮਨੁੱਖ ਵਾਸਤੇ ।

ਗੁਰੂ ਸਾਹਿਬ ਜੀ ਦਾ ਅਸਲ ਆਸ਼ਾ ਮਨੁੱਖ ਦੀਆਂ ਬਿਰਤੀਆਂ ਵਿਚੋਂ ਹਰ ਪਰਕਾਰ ਦੇ ਸੰਸੇ ਅਤੇ ਭਰਮ ਦਾ ਵਿਨਾਸ਼ ਕਰਨਾ ਹੈ । ਦੂਸਰਾ ਆਸ਼ਾ ਹੈ ਧਿਆਨ ਸਿਧਾਂਤ ਜਾਂ theory ਨੂੰ ਸਪਸ਼ਟ ਕਰਨਾ । ਇਹ ਨਿਯਮ ਹੁੰਦਾ ਹੈ ਕਿ ਜਿਥੇ ਧਿਆਨ ਨੂੰ ਜੋੜਨਾ ਹੈ ਜਾਂ ਸੁਰਤਿ ਨੂੰ ਲਿਵ ਲੀਨ ਕਰਨਾ ਹੈ, ਉਸ ਲਕਸ਼ ਦਾ ਜਾਂ ਉਸ ਕੇਂਦਰੀ ਬਿੰਦੂ ਦਾ ਨਿਰੈਣ ਕੀਤਾ ਜਾਇ ਅਤੇ ਉਸ ਨੂੰ ਨਿਸਚਤ ਕੀਤਾ ਜਾਇ ।

ਮੂਲ ਮੰਤ੍ਰ ਅਥਵਾ ਗੁਰਬਾਣੀ ਦਾ ਭਾਵ ਹੈ ਕਿ ਸਿਰਫ ਉਸ ਮੂਲ ਤਤ ਨੂੰ ਹੀ ਸੁਰਤਿ ਵਿਚ ਰਖਣਾ; ਮੂਲ ਤਤ ਦੇ ਜੋ ਵਿਸਥਾਰਤ ਅਨੇਕ ਸਰੂਪ ਹਨ ਇਹਨਾਂ ਵਿਚ ਸੁਰਤਿ ਨੂੰ ਪ੍ਰਵੇਸ਼ ਨਾ ਹੋਣ ਦੇਣਾ ਅਤੇ ਇਸ (ਸੁਰਤਿ) ਨੂੰ ਮੂਲ ਅਧਾਰ ਵਿਚ ਸਥਿਰ ਕਰਨਾ ।

ਪ੍ਰਸ਼ਨ ਹੈ : ਮੂਲ ਅਧਾਰ ਦੇ ਕੀ ਗੁਣ ਹਨ ? ਉਦਾਹਰਣ ਦੇ ਤੌਰ ਤੇ ਜੇ ਕੋਈ ਕਹੇ ਕਿ ਅੱਗ ਦੇ ਕੀ ਗੁਣ ਹਨ, ਤਾਂ ਸਪਸ਼ਟ ਹੈ ਕਿ ਅੱਗ ਦਾ ਗੁਣ ਹੈ ਦਗਧ(burn) ਕਰਨਾ । ਇਸੇ ਤਰ੍ਹਾਂ ਜੇ ਕੋਈ ਪੁਛੇ ਕਿ ਫੁਲ ਦੇ ਕੀ ਗੁਣ ਹਨ, ਤਾਂ ਜਵਾਬ ਹੈ : ਵਿਗਾਸ ਅਤੇ ਸੁਗੰਧੀ ਦੇਣਾ ।

ਅਕਾਲ ਪੁਰਖ ਐਸਾ ਕਲਾਵਾਨ ਕਲਾਕਾਰ ਜਾਂ artist ਹੈ ਕਿ ਉਸ ਨੇ ਆਪਣੇ ਆਪ ਨੂੰ ਗੁਣਾਂ ਦੁਆਰੇ ਪ੍ਰਗਟ ਕੀਤਾ ਹੈ ਜਿਵੇਂ ਸ੍ਰੀ ਜਪੁਜੀ ਸਾਹਿਬ ਵਿਚ ਆਇਆ ਹੈ :

ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਪੂਰਨ ਬ੍ਰਹਮ ਗਿਆਨੀ ਉਹ ਹੈ ਜਿਸ ਨੂੰ "ਕਿਵ ਸਚਿਆਰਾ ਹੋਈਐ" ਦਾ ਭੇਦ ਮਿਲ ਗਿਆ ਹੈ, ਜਿਸ ਦੇ ਅੰਦਰੋਂ ਅਗਿਆਨਤਾ, ਅੰਧਕਾਰ ਤਥਾ ਕੂੜ ਦੇ ਪਖ ਦਾ ਪੂਰਨ ਤੌਰ ਤੇ ਅਭਾਵ ਹੋ ਗਿਆ ਹੈ ।

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅਤੇ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਬਦਾਂ ਵਿਚ ਜਦ "ਪੂਰਨ ਜੋਤਿ ਜਗੈ ਘਟ ਮੈ" ਤਦ ਤਤ ਰੂਪ ਜਾਂ ਨਿਰਮਲ ਰੂਪ ਜਾਂ ਖਾਲਸਾ ਰੂਪ ਹੁੰਦਾ ਹੈ ।

ਪੂਰਨ ਜੋਤਿ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ ॥ ੧॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ)

ਦੂਸਰੇ ਸ਼ਬਦਾਂ ਵਿਚ ਅਕਾਲ ਪੁਰਖ ਦਾ ਆਪਣੇ ਆਪ ਸਾਖਿਆਤ ਹੋਣਾ ਹੀ ਬ੍ਰਹਮ ਦ੍ਰਿਸ਼ਟੀ ਕਿਹਾ ਜਾਂਦਾ ਹੈ, ਇਸੇ ਦਾ ਨਾਮ ਤਤ ਦ੍ਰਿਸ਼ਟੀ ਹੈ ।
ਜੋ ਤਤ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਮਝਿਆ, ਜਾਂ ਅਕਾਲ ਪੁਰਖ ਦਾ ਜੋ ਨਾਦ ਜਾਂ ਧੁਨੀ ਸੁਣੀ, ਉਹ ਹੀ ਗੁਰੂ ਰੂਪ ਹੋ ਕੇ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸੁਣਾਈ ।

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ੧੨ ਵਰੇ ਜਲ ਢੋ ਕੇ, ਪੰਜ ਭੂਤਕ ਦੇਹ ਦੀ ਹੋਂਦ ਨੂੰ ਮਿਟਾ ਕੇ, ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਨਦਰ ਪ੍ਰਾਪਤ ਕਰ ਕੇ ਇਹ ਹੀ ਧੁਨੀ ਸੁਣੀ । ਦਸੋਂ ਹੀ ਜਾਮੇ ਇਸੇ ਮੂਲ ਤਤ ਨਾਲ ਲਿਵ ਲੀਨ ਰਹੇ ਜਿਵੇਂ ਕਿ ਕਿਹਾ ਗਿਆ ਹੈ :

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਵਾਸਤਵ ਵਿਚ ਗੁਰਮਤ ਦਾ ਸਾਰਾ ਧੁਰਵਾ ਖੜਾ ਹੈ ਬਾਣੀ ਅਤੇ ਸੰਗਤ ਪੁਰ । ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਬਾਣੀ ਅਤੇ ਸੰਗਤ ਦੇ ਸਰੂਪ ਨੂੰ ੨੨ ਵਰਿਆਂ ਵਿਚ ਕਿਧਰੇ ਸੰਗਤ ਦੇ ਰੂਪ ਅਤੇ ਕਿਧਰੇ ਪੰਗਤ ਦੇ ਰੂਪ ਵਿਚ ਸੰਸਾਰ ਵਿਚ ਪ੍ਰਗਟ ਕੀਤਾ, ਅਤੇ ਐਸਾ ਕਰਨ ਲਈ ਉਨ੍ਹਾਂ ਨੂੰ ਅਨੰਦ ਬਾਣੀ ਦਾ ਪ੍ਰਕਾਸ਼ ਹੋਇਆ ।

ਜਦ ਤੋਂ ਸੰਸਾਰ ਬਣਿਆ ਹੈ, ਤਦ ਤੋਂ ਹੀ ਤਤ ਗਿਆਨੀ ਜਾਂ ਤਤ ਬੇਤਾ ਪੁਰਸ਼ ਪ੍ਰਭੂ ਦਾ ਨਾਮ : 'ਸ਼ਤ ਚਿਤ ਅਨੰਦ' ਜਾਂ 'ਸਤਯੰ ਸ਼ਿਵੰ ਸ਼ੁੰਦਰੰ' ਦੇ ਸ਼ਬਦਾਂ ਰਾਹੀਂ ਪ੍ਰਗਟ ਕਰਦੇ ਆਏ ਹਨ । ਪ੍ਰੰਤੂ ਇਹ ਧੰਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਹੀ ਹਨ ਜਿਨ੍ਹਾਂ ਨੇ ਨਗਾਰੇ ਦੀ ਚੋਟ ਨਾਲ ਸੰਸਾਰ ਨੂੰ ਅਨੰਦ ਰੂਪ ਹੋਣ ਦੀ ਖਬਰ ਕਹੀ ।

ਕਥਾ ਹੈ ਕਿ ਜਦ ਅਨੰਦ ਬਾਣੀ ਦਾ ਪ੍ਰਕਾਸ਼ ਗੁਰੂ ਸਾਹਿਬ ਜੀ ਨੂੰ ਹੋਇਆ, ਤਦ ਗੁਰੂ ਸਾਹਿਬ ਜੀ ਦੀ

ਆਗਿਆ ਨਾਲ ਉਨ੍ਹਾਂ ਦਾ ਨਿਜੀ ਸਿਖ, ਭਾਈ ਬਲੂ, ਇਸ ਅਨੰਦ ਮਈ ਅਵਸਥਾ ਵਿਚ, ਜਿਸ ਦ੍ਰਿਸ਼ਟੀ ਦਾ ਵਰਨਣ ਕੀਤਾ ਅਤੇ ਜਿਸ ਦਾ ਨਾਮ ਆਪ ਨੇ ਦਿੱਬ ਦ੍ਰਿਸ਼ਟੀ ਕਿਹਾ, ਉਸ ਵਿਚ ਆਪ ਨੇ ਸਪਸ਼ਟ ਕਰ ਦਿਤਾ ਕਿ ਸੰਸਾਰ ਅਥਵਾ world ਜਾਂ ਅਨੇਕਤਾ ਦੀ ਹੋਂਦ ਨਹੀਂ ਹੈ ।

ਬਲੂ ਚੜ ਕੋਠੇ ਪਰ ਗਾਇਆ।
ਢੋਲਕ ਬਜਾਇ ਸੰਗ ਸਬਦ ਸੁਹਾਇਆ।
ਤਿਸ ਸਮੇ ਸੁਨਾ ਜਿਨ ਆਨੰਦ ਬਾਣੀ।
ਪਾਇ ਭਗਤਿ ਤਿਨ ਪਦ ਨਿਰਬਾਣੀ।੨੨।

(ਮਹਿਮਾ ਪ੍ਰਕਾਸ਼)

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਵਿਚ :

ਕਾਨੜਾ ਮਹਲਾ ੫ ॥
ਕਹਨ ਕਹਾਵਨ ਕਉ ਕਈ ਕੇਤੈ ॥
ਐਸੋ ਜਨੁ ਬਿਰਲੋ ਹੈ ਸੇਵਕੁ
ਜੋ ਤਤ ਜੋਗ ਕਉ ਬੇਤੈ ॥ ੧॥ ਰਹਾਉ ॥
ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ
ਹਾਰ ਨਹੀ ਸਭ ਜੇਤੈ ॥ ੧॥
ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ
ਕਤ ਆਵੈ ਕਤ ਰਮਤੈ ॥ ੨॥ ੩॥ ੨੨ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

੧ ਅੰਕ ਇਸੇ ਹੀ ਤਤ ਦ੍ਰਿਸ਼ਟੀ ਦਾ ਪ੍ਰਤੀਕ ਹੈ, ਅਤੇ ਇਸ ਦ੍ਰਿਸ਼ਟੀ ਦਾ ਖੁਲ੍ਹਣਾ ਹੀ ਨਾਮ ਪ੍ਰਕਾਸ਼ ਹੈ ।

# ਤਤ ਦ੍ਰਿਸ਼ਟੀ ਤੇ ਜਪੁਜੀ ਸਾਹਿਬ

ਨਾਮ ਪ੍ਰਕਾਸ਼ ਵਾਲੀ ਤਤ ਦ੍ਰਿਸ਼ਟੀ ਕਿਵੇਂ ਖੁਲ੍ਹੇ ? ਸ੍ਰੀ ਜਪੁਜੀ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਵਿਚ ਇਸ ਪ੍ਰਸ਼ਨ ਨੂੰ ਦੋ ਦਫਾ ਇਸ ਤਰ੍ਹਾਂ ਰੂਪ ਦਿਤਾ ਗਿਆ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅਤੇ, ਪੰਜਾਂ ਹੀ ਪਉੜੀਆਂ ਵਿਚ ਇਸ ਪ੍ਰਸ਼ਨ ਦਾ ਉਤਰ ਪਉੜੀ-ਬ-ਪਉੜੀ ਇਸ ਪਰਕਾਰ ਮਿਲਦਾ ਹੈ ।

ਤਤ ਦ੍ਰਿਸ਼ਟੀ ਦੇ ਖੁਲਣ ਦਾ ਸੰਬੰਧ ਅੰਦਰ ਮਨ ਨਾਲ ਹੈ, ਬਾਹਰ ਦੇ ਕਰਮ ਕਾਂਡ ਆਦਿ ਨਾਲ ਨਹੀਂ ।

ਸੋਚ ਇਸ਼ਨਾਨ ਕਰਨ ਨਾਲ, ਖਾਮੋਸ਼ੀ ਧਾਰਨ ਕਰਨ ਨਾਲ, ਵਰਤ ਰੋਜ਼ਾ ਰਖਣ ਨਾਲ, ਦੁਨੀਆਂ ਦੇ ਧਨ ਪਦਾਰਥ ਇਕੱਠੇ ਕਰਨ ਨਾਲ ਜਾਂ ਦਰਸ਼ਨ-ਫਲਸਫੇ ਅਥਵਾ ਚਤਰਾਈ ਸਿਆਣਪਾਂ ਨਾਲ ਅੰਦਰਲਾ ਜੰਦਰਾ ਨਹੀਂ ਖੁਲਦਾ ਅਤੇ ਨਾ ਹੀ ਅੰਦਰ ਦਾ ਅਗਿਆਨਤਾ ਦਾ ਪਰਦਾ ਫਟਦਾ ਹੈ ।

ਨਾਵਹੁ ਭੁਲੀ ਚੋਟਾ ਖਾਏ ॥
ਬਹੁਤੁ ਸਿਆਣਪ ਭਰਮੁ ਨ ਜਾਏ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਘੁੰਡੀ ਦੇ ਖੋਲ੍ਹਣ ਲਈ ਮਨ ਦੇ ਵੇਗ ਨੂੰ ਲਗਾਤਾਰ ਰੂਪ ਵਿਚ ਅਕਾਲ ਪੁਰਖ ਦੇ ਹੁਕਮ ਵਿਚ



Return To Index

ਲਿਆਉਣ ਦੀ ਲੋੜ ਹੈ; ਇਹ ਰੱਬੀ ਨਿਯਮ ਹੈ ਜੋ ਹਰ ਇਕ ਦੇ ਨਾਲ ਉਲੀਕਿਆ ਗਿਆ ਹੈ ।

ਹੁਕਮ ਵਿਚ ਆਉਣ ਤੋਂ ਭਾਵ ਹੈ ਆਪਣੇ ਕਰਮਾਂ ਤੇ ਸ਼ਾਕਰ ਰਹਿਣਾ ਅਤੇ ਭਾਣੇ ਨੂੰ ਦਿਲੋਂ ਮਿਠਾ ਮੰਨਦੇ ਹੋਇ ਅਕਾਲ ਪੁਰਖ ਦੀ ਪ੍ਰੀਤੀ ਅਤੇ ਪਰਤੀਤੀ ਵਿਚ ਜੁੜੇ ਰਹਿਣਾ । ਐਸੀ ਤੋਰ ਤੁਰਿਆਂ ਅੰਦਰੋਂ ਕੂੜ ਅਥਵਾ ਅਗਿਆਨਤਾ ਦੂਰ ਹੋ ਜਾਂਦੀ ਹੈ, ਅਥਵਾ "ਕਿਵ ਕੂੜੈ ਤੁਟੈ ਪਾਲਿ" ਦਾ ਮਸਲਾ ਹਲ ਹੋ ਜਾਂਦਾ ਹੈ ।

# ਨਾਮ ਤੇ ਹੁਕਮ ਦੀ ਵਿਉਂਤ

ਹੁਕਮ ਦੀ ਤੋਰੇ ਤੁਰਿਆਂ ਭਾਵ ਸ਼ੁਕਰਾਨੇ, ਪ੍ਰੀਤੀ ਅਤੇ ਪਰਤੀਤੀ ਵਿਚ ਦ੍ਰਿੜ੍ਹ ਹੋਇਆਂ ਹੁਕਮ ਅੰਦਰੋਂ ਅੰਦਰ ਆਪਣੀ ਬੂਝ ਦੇਣ ਲਗ ਜਾਂਦਾ ਹੈ ਅਤੇ ਰੱਬੀ ਭੇਦ ਉਘੜਨੇ ਸ਼ੁਰੂ ਹੋ ਜਾਂਦੇ ਹਨ। ਅੰਦਰਲਾ ਹਉਮੈ ਅਤੀਤ ਹੋਣ ਲਗ ਜਾਂਦਾ ਹੈ ਜਿਸ ਦੀ ਨਿਸ਼ਾਨੀ ਹੁੰਦੀ ਹੈ ਕਿ ਮਨ ਅੰਦਰੋਂ ਆਸਾ, ਮਨਸਾ, ਤ੍ਰਿਸ਼ਨਾ ਆਦਿ ਦੇ ਸੰਕਲਪ ਘਟ ਜਾਂਦੇ ਹਨ ਅਤੇ ਵਾਸ਼ਨਾ ਪ੍ਰਭੂ ਦੀ ਹੋਂਦ ਵਿਚ ਲੀਨ ਹੋਣ ਲਗ ਜਾਂਦੀ ਹੈ।

ਗੁਰਪਰਸਾਦੀ
ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅੰਦਰ ਵਾਸਨਾਵਾਂ ਅਤੇ ਸੰਕਲਪਾਂ ਦੀ ਪ੍ਰਬਲਤਾ ਅਤੇ ਬਹੁਲਤਾ ਕਾਰਨ ਹੁਕਮ ਦਾ ਹੋਕਾ ਜੀਵ ਦੇ ਨਾਲ ਉਲੀਕਿਆ ਹੋਣ ਦੇ ਬਾਵਜੂਦ ਸੁਣੀਂਦਾ ਨਹੀਂ ।

ਮਨਮੁਖ ਤ੍ਰਿਸਨਾ ਭਰਿ ਰਹੇ
ਮਨਿ ਆਸਾ ਦਹ ਦਿਸ ਬਹੁ ਲਾਖੁ ॥
ਬਿਨੁ ਨਾਵੈ ਧ੍ਰਿਗੁ ਜੀਵਦੇ
ਵਿਚਿ ਬਿਸਟਾ ਮਨਮੁਖ ਰਾਖੁ ॥
ਓਇ ਆਵਹਿ ਜਾਹਿ ਭਵਾਈਅਹਿ
ਬਹੁ ਜੋਨੀ ਦੁਰਗੰਧ ਭਾਖੁ ॥ ੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਹੁਕਮ ਦੀ ਵਿਸ਼ਾਲਤਾ ਅਤੇ ਅਲੌਕਿਕਤਾ ਮਨ ਤੇ ਅਖਰਾਂ ਦੀ ਸੀਮਾ ਤੋਂ ਬਾਹਰ ਹਨ ।

ਇਕਿ ਬਿਨਸੈ ਇਕ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ ॥੧॥ ਰਹਾਉ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਸ ਲਈ ਹੁਕਮ ਅਖਰਾਂ ਵਿਚ ਵਰਨਣ ਨਹੀਂ ਕੀਤਾ ਜਾ ਸਕਦਾ : "ਹੁਕਮੁ ਨ ਕਹਿਆ ਜਾਈ" ।

ਪ੍ਰੰਤੂ ਸਿਮਰਨ ਭਗਤੀ ਦੁਆਰਾ ਜਿਉਂ ਜਿਉਂ ਸੰਕਲਪਾਂ ਤੇ ਵਾਸਨਾਵਾਂ ਦਾ ਅੰਦਰ ਜ਼ੋਰ ਮਧਮ ਪਵੇ, ਤਿਉਂ ਤਿਉਂ ਬਿਬੇਕ ਬੁਧੀ ਉਦੇ ਹੋਣ ਲਗ ਜਾਂਦੀ ਹੈ ਅਤੇ ਭਾਸ ਜਾਗਦਾ ਹੈ ਕਿ ਹੁਕਮ ਦੀ ਵਿਉਂਤ ਜਾਂ ਮੌਜ ਅਨੁਸਾਰ ਹੀ ਸਭ ਆਕਾਰ ਬਣ ਰਹੇ ਹਨ, ਸਭ ਜੀਵ ਜੰਤੂ ਹੋਂਦ ਵਿਚ ਆ ਰਹੇ ਹਨ ।

ਇਸੇ ਮੁਤਾਬਕ ਹੀ ਕਿਧਰੇ ਵਡਿਆਈ ਮਿਲ ਰਹੀ ਹੈ, ਕਿਧਰੇ ਉਤਮਤਾ ਹੈ ਅਤੇ ਕਿਧਰੇ ਨੀਚਤਾ ਹੈ । ਇਸੇ ਅਨੁਸਾਰ ਹੀ ਕਿਸੇ ਨੂੰ ਸੁਖ ਅਤੇ ਕਿਸੇ ਨੂੰ ਦੁਖ ਮਿਲ ਰਿਹਾ ਹੈ; ਕਿਸੇ ਨੂੰ ਜਨਮ ਮਰਨ ਦੇ ਗੇੜ ਵਿਚੋਂ ਛੁਟਕਾਰਾ ਮਿਲ ਰਿਹਾ ਹੈ ਅਤੇ ਕਿਸੇ ਨੂੰ ਮੁੜ ਮੁੜ ਗੇੜਾ ਮਿਲ ਰਿਹਾ ਹੈ । ਭਾਵ ਸਭ ਕੋਈ ਹੁਕਮ ਦੀ ਮੌਜ ਦੀ

ਸੀਮਾ ਵਿਚ ਹੈ। ਇਸ ਤੋਂ ਬਾਹਰ ਕੋਈ ਨਹੀਂ। ਤਾਂ ਫਿਰ ਪ੍ਰਸ਼ਨ ਹੈ ਕਿ ਜੇ ਕੋਈ ਗੁਰੂ ਸਾਹਿਬ ਜੀ ਦੀ ਦਸੀ ਜੁਗਤਿ ਅਨੁਸਾਰ ਜੀਵਨ ਨੂੰ ਢਾਲ ਕੇ ਇਸ ਹੁਕਮ ਦੇ ਭੇਦ ਨੂੰ ਬੁਝ ਲਏ ਤਾਂ ਉਸ ਦੀ ਕੀ ਪਛਾਨ ਹੈ ?

ਜਵਾਬ ਹੈ :

ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ ॥ ੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਨਾਮ ਹੁਕਮ ਤੇ ਹਉਮੈ

ਤਾਂ ਤੇ ਸਪਸ਼ਟ ਹੋਇਆ ਕਿ ਜੀਵਨ ਦੇ ਦੋ ਪੱਖ ਹਨ। ਇਕ ਹੈ ਹਉਮੈ ਲਿਪਤ ਅਤੇ ਦੂਜਾ ਹੈ ਹਉਮੈ ਅਤੀਤ।

ਜੋ ਹਉਮੈ ਲਿਪਤ ਹੈ ਉਹ ਹੁਕਮ ਦੇ ਵੇਗ ਦੇ ਵਿਪਰੀਤ ਹੈ ਅਤੇ ਜੋ ਹਉਮੈ ਅਤੀਤ ਹੈ ਉਹ ਹੁਕਮ ਰਜਾਈ ਹੈ। ਪਰ ਹਨ ਦੋਵੇਂ ਪੱਖ ਹੁਕਮ ਦੀ ਸੀਮਾ ਅੰਦਰ।

ਜਿਵੇਂ ਮਛਲੀ ਭਾਵੇਂ ਪਾਣੀ ਦੇ ਵਹਾਓ ਵਲ ਤੈਰੇ ਤੇ ਭਾਵੇਂ ਚੜ੍ਹਾਓ ਵਲ – ਰਹਿੰਦੀ ਪਾਣੀ ਵਿਚ ਹੀ ਹੈ।

ਹਉਮੈ ਦੇ ਆਧਾਰ ਤੇ ਜੀਊਣਾ ਹੁਕਮ ਦੀ ਮੌਜ ਦੇ ਉਲਟ ਚਲਣਾ ਹੈ ਅਤੇ ਜੋ ਹਉਮੈ ਰਹਿਤ ਜੀਊਣਾ ਹੈ ਉਹ ਹੁਕਮ ਦੀ ਮੌਜ ਅਨੁਸਾਰ ਚਲਣਾ ਹੈ।

ਜੋ ਹੁਕਮ ਦੀ ਮੌਜ ਦੇ ਉਲਟ ਜੀਊਂਦੇ ਹਨ ਉਹ ਨੀਚਤਾ ਵਲ ਜਾਂਦੇ ਹਨ, ਦੁਖ ਪਾਉਂਦੇ ਹਨ, ਜਨਮ ਮਰਨ ਅਤੇ ਹੋਰ ਮਾਨਸਿਕ ਤਥਾ ਸਰੀਰਕ ਪ੍ਰੇਸ਼ਾਨੀਆਂ ਦੇ ਗੇੜੇ ਕਢਦੇ ਹਨ। ਅੰਦਰ ਹਉਮੈ ਦਾ ਕੰਡਾ ਹੋਣ ਕਾਰਨ ਜੀਵਨ ਸਫਰ ਤੇ "ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ" ਵਾਲੀ ਦਸ਼ਾ ਹੁੰਦੀ ਹੈ। ਹਉਮੈ ਅਤੀਤ ਉਹ ਹੁੰਦਾ ਹੈ ਜਿਸ ਦੀ ਮਨੋ-ਬਿਰਤੀ ਸਿਮਰਨ ਵਿਚ ਇਤਨੀ ਲੀਨ ਹੋ ਜਾਂਦੀ ਹੈ ਕਿ ਉਸ ਨੂੰ ਸੰਸਾਰ ਭੁਲ ਜਾਂਦਾ ਹੈ। ਐਸਾ ਪੁਰਸ਼ ਹੁਕਮ ਦਾ ਅਨੁਸਾਰੀ ਹੋ ਜਾਂਦਾ ਹੈ।

ਜੋ ਹੁਕਮ ਦੀ ਮੌਜ ਦੇ ਅਨੁਸਾਰ ਜੀਵਨ ਬਤੀਤ ਕਰਦੇ ਹਨ ਉਹ ਨਦਰ ਦੇ ਅਧਿਕਾਰੀ ਬਣਦੇ ਹਨ ਅਤੇ positive (ਸਹੀ) ਮਾਰਗ ਪੁਰ ਚਲਦੇ ਹਨ ਜਿਥੇ ਉਤਮਤਾ ਹੈ, ਸੁਖ ਹੈ, ਵਡਿਆਈ ਹੈ। ਉਹ ਗੁਰਪ੍ਰਸਾਦਿ ਜਾਂ ਸਾਹਿਬ ਦੀ ਕਿਰਪਾ ਦੇ ਮੰਡਲ ਵਿਚ ਵਿਚਰਦੇ ਹਨ ਜਿਸ ਕਰਕੇ ਪੁਠੇ ਲੇਖ, ਉਹਨਾਂ ਲਈ, ਸਿਧੇ ਹੋ ਜਾਂਦੇ

ਹਨ, ਵਿਰੋਧੀ ਮਿਤਰ ਹੋ ਜਾਂਦੇ ਹਨ, ਮਾੜੇ ਚੰਗੇ ਬਣ ਜਾਂਦੇ ਹਨ ।

ਅਪ੍ਰਸਟ ਬਾਤ ਤੇ ਭਈ ਸੀਧਰੀ
ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ
ਮਲੀਨ ਬੁਧਿ ਹਛਨਈ ॥ ੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਮ ਤੇ ਉਲਟਿ ਭਏ ਹੈ ਰਾਮ ॥
ਦੁਖ ਬਿਨਸੇ ਸੁਖ ਕੀਓ ਬਿਸਰਾਮ ॥
ਬੈਰੀ ਉਲਟਿ ਭਏ ਹੈ ਮੀਤਾ ॥
ਸਾਕਤ ਉਲਟਿ ਸੁਜਨ ਭਏ ਚੀਤਾ ॥ ੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜੋ ਹੁਕਮ ਦੇ ਰਾਹ ਪੁਰ ਤੁਰਦੇ ਹਨ ਪ੍ਰਭੂ ਉਹਨਾਂ ਪੁਰ ਪ੍ਰਸੰਨ ਹੁੰਦੇ ਹਨ ।

ਐਸੇ ਪੁਰਸ਼ ਪ੍ਰਭੂ ਦੇ ਗੁਣ ਗਾਇਨ ਕਰਦੇ ਹਨ ਭਾਵ ਸਿਮਰਨ ਕਰਦੇ ਹਨ । ਪ੍ਰਭੂ ਦਾ ਤਾਣ ਦੇਖ, ਪ੍ਰਭੂ ਦੀਆਂ ਦਾਤਾਂ ਦੇਖ, ਪ੍ਰਭੂ ਦੇ ਗੁਣ ਵਡਿਆਈਆਂ ਅਤੇ ਕਰਤਵ ਦੇਖ ਦੇਖ ਕੇ ਐਸੇ ਪ੍ਰਾਣੀ ਉਸ ਦਾ ਜਸ ਸਿਮਰਨ ਕਰਦੇ ਹਨ । ਵਿਦਵਾਨ ਸਿਮਰਨ ਅਭਿਆਸੀ ਪੁਰਸ਼ ਉਸ ਪ੍ਰਭੂ ਬਾਰੇ ਸੂਖਮ ਅਤੇ ਵਿਖਮ ਵਿਚਾਰਾਂ ਕਰਦੇ ਹਨ । ਕਈ ਐਸੇ ਪੁਰਸ਼ ਪ੍ਰਭੂ ਨੂੰ ਜਨਮ ਮਰਨ ਦਾ ਮਾਲਿਕ ਮੰਨਦੇ ਹਨ; ਇਕਨਾਂ ਨੂੰ ਉਹ ਨੇੜੇ ਭਾਸਦਾ ਹੈ ਅਤੇ ਇਕਨਾ ਨੂੰ ਦੂਰ ।

ਸਿੱਟੇ ਦੀ ਗੱਲ ਇਹ ਹੈ ਕਿ ਉਸ ਪ੍ਰਭੂ ਦੇ ਬਿਆਨ ਦਾ ਅੰਤ ਨਹੀਂ ਭਾਵੇਂ ਜੁਗਾਂ ਜੁਗਾਤ੍ਰਾਂ ਤੋਂ ਕ੍ਰੋੜਾਂ ਪ੍ਰਾਣੀ ਉਸ ਦੀਆਂ ਦਾਤਾਂ ਮਾਣਦੇ ਤੇ ਮੁਕਦੇ, ਕ੍ਰੋੜਾਂ ਤਰੀਕਿਆਂ ਨਾਲ

ਉਸ ਨੂੰ ਵਰਨਣ ਕਰਨ ਦਾ ਜਤਨ ਕਰ ਰਹੇ ਹਨ । ਇਕ ਗੱਲ ਸਪਸ਼ਟ ਹੈ ਕਿ ਪ੍ਰਭੂ ਆਪਣੇ ਹੁਕਮ ਦੀ ਖੇਡ ਨੂੰ ਅਨੰਤ ਤਰੀਕਿਆਂ ਨਾਲ ਚਲਾ ਰਿਹਾ ਹੈ ਅਤੇ ਆਪ ਖੁਦ ਨਿਰਲੇਪ (ਵੇਪਰਵਾਹੁ) ਰਹਿੰਦਾ ਹੋਇਆ, ਖੇੜਾ ਸਰੂਪ ਰਖਦਾ ਹੈ ।

ਤੁਮ ਸਭਹੀ ਤੇ ਰਹਤ ਨਿਰਾਲਮ ॥

(ਸ੍ਰੀ ਦਸਮ ਗ੍ਰੰਥ ਸਾਹਿਬ ਜੀ)

# ੴ ਸਤਿ ਨਾਮੁ

ਤਾਤਪਰਜ ਇਹ ਕਿ ਵਿਗਾਸ ਸਰੂਪ ਵਾਹਿਗੁਰੂ ਜੋ ਹੈ ਉਹ ਸਾਹਿਬ ਸਚਾ ਹੈ ਅਤੇ ਦਾਤਾਂ ਦਾ ਮਾਲਿਕ ਹੈ ਅਤੇ ਪਿਆਰ ਦਾ ਅਥਾਹ ਅਤੇ ਅਪਾਰ ਖਜ਼ਾਨਾ ਹੈ ਤਥਾ ਮੰਗਣ ਤੇ ਸਭ ਦਾਤਾਂ ਦੇ ਰਿਹਾ ਹੈ । ਤਾਂ ਫਿਰ ਪ੍ਰਸ਼ਨ ਹੈ :

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਉੱਤਰ ਹੈ :

ਅੰਮ੍ਰਿਤ ਵੇਲਾ ਸਚੁ ਨਾਉ
ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਭਾਵ ਤੜਕੇ ਸੂਰਜ ਚੜ੍ਹਨ ਤੋਂ ੩-੪ ਘੰਟੇ ਪਹਿਲੇ ਉਠ ਕੇ ਜੋ ਅੰਮ੍ਰਿਤ ਦੀ ਵਰਖਾ ਦਾ ਸਮਾਂ ਹੈ ਉਹ ਸਮਾਂ ਪ੍ਰਭੂ ਦੀ ਭੇਂਟ ਕਰੋ ਅਤੇ ਉਸ ਸਮੇਂ ਪ੍ਰਭੂ ਦੇ ਗੁਣ ਗਾਇਨ ਕਰੋ, ਅਰਥਾਤ, ਅੰਦਰ ਨਮਰਤਾ ਅਤੇ ਰੱਬੀ ਪਿਆਰ ਧਾਰਨ ਕਰ, ਆਪਣੇ ਸੰਕਲਪ ਵਿਕਲਪਾਂ ਨੂੰ ਦੁਨੀਆਂ ਵਲੋਂ ਤੋੜ ਕੇ ਦਾਤੇ ਦੇ ਧਿਆਨ ਵਿਚ, ਸਿਫਤ ਸਲਾਹ ਦੁਆਰਾ, ਲੀਨ ਕਰੋ ।

ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ
ਜਿਨਿ ਕੀਤੀ ਸੋ ਪਾਰਿ ਪਇਆ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨੇਕ ਕਰਮਾਂ ਕਰ ਜੋ ਮਨੁੱਖਾ ਦੇਹੀ ਮਿਲੀ ਹੈ ਉਸ ਦਾ ਸਹੀ ਲਾਭ ਇਹ ਹੀ ਹੈ ਜੋ ਉਪਰਾਲਾ ਕੀਤਾ ਜਾਇ ਪ੍ਰਭੂ ਦੀ ਨਦਰ ਪ੍ਰਾਪਤ ਕਰਨ ਦਾ । ਨਦਰ ਪ੍ਰਾਪਤ ਹੁੰਦੀ ਹੈ ਪ੍ਰਭੂ ਦੀ ਸਿਫਤ ਸਲਾਹ ਅਥਵਾ ਸਿਮਰਨ ਕਰਨ ਨਾਲ । ਇਸ ਤਰ੍ਹਾਂ ਕਰਨ ਨਾਲ ਤਤ ਦ੍ਰਿਸ਼ਟੀ ਖੁਲ੍ਹਦੀ ਹੈ

ਅਤੇ ਗਿਆਨ ਹੋ ਜਾਂਦਾ ਹੈ। ਉਸ ਗਿਆਨ ਦਾ ਕੀ ਸਰੂਪ ਹੈ ? ਉਹ ਹੈ :

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ੪॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਭਾਵ ਨਦਰ ਹੋਣ ਨਾਲ ਦਿੱਬ ਦ੍ਰਿਸ਼ਟੀ ਖੁਲ੍ਹਦੀ ਹੈ ਜਾਂ ਦਸਵਾਂ ਦੁਆਰ▼ ਖੁਲ੍ਹ ਜਾਂਦਾ ਹੈ ਅਤੇ ਸਾਹਿਬ ਸਚਾ ਅਥਵਾ ੧ਓ ਸਤਿਨਾਮੁ ਸਭ ਜਗ੍ਹਾਂ ਪਰੀ-ਪੂਰਨ ਨਜ਼ਰ ਆਉਣ ਲਗ ਜਾਂਦਾ ਹੈ। ਦੂਜੇ ਸ਼ਬਦਾਂ ਵਿਚ "ਕਿਵ ਕੂੜੈ ਤੁਟੈ ਪਾਲਿ" ਵਾਲੀ ਅਵਸਥਾ ਬਣ ਆਉਂਦੀ ਹੈ ਅਤੇ ਜਨਮ ਜਨਮਾਂਤਰਾਂ ਦੀ ਸੁੱਤੀ ਹੋਈ ਸੁਰਤਿ ਦੀ ਦਿੱਬ

---

▼

ਨਉ ਘਰ ਥਾਪੇ ਥਾਪਣਹਾਰੈ ॥
ਦਸਵੈ ਵਾਸਾ ਅਲਖ ਅਪਾਰੈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਦ੍ਰਿਸ਼ਟੀ ਜਾਗ ਪੈਂਦੀ ਹੈ । ਦਿੱਬ ਦ੍ਰਿਸ਼ਟੀ ਦਾ ਉਦੇ ਹੋਣਾ ਹੀ ਨਾਮ ਪ੍ਰਕਾਸ਼ ਹੈ ।

ਨਾਮ ਪ੍ਰਕਾਸ਼ ਤੋਂ ਭਾਵ ਹੈ ਕਰਤੇ ਨਾਲ ਅਥਵਾ ਉਸ ਦੇ ਹੁਕਮ ਨਾਲ ਜਾਂ ਆਪਣੇ ਮੂਲ ਨਾਲ ਅਭੇਦ ਹੋਣਾ । ਇਕ ਕਰਤਾ ਹੈ ਜੋ ਖੁਦ ਬਖੁਦ ਪ੍ਰਕਾਸ਼ਮਾਨ ਹੈ ਅਤੇ ਬਾਕੀ ਸਭ ਉਸ ਦੀ ਕਿਰਤਮ ਹੈ ।

ਕਰਤਾਰ ਆਧਾਰ ਹੈ, ਮੂਲ ਹੈ ਤਥਾ ਸੂਖਮ ਹੈ । ਕਿਰਤਮ ਪ੍ਰਗਟਾ ਹੈ, ਅਧੀਨ ਹੈ ਤਥਾ ਸਥੂਲ ਹੈ । ਜਿਵੇਂ ਇਕ ਪੇੜ ਹੋਵੇ । ਤਣਾ, ਟਾਹਣੀਆਂ ਪੱਤੇ ਸਭ ਪੇੜ ਹਨ, ਪਰ ਇਹ ਪੇੜ ਦਾ ਮੂਲ ਨਹੀਂ ਹਨ, ਆਧਾਰ ਨਹੀਂ ਹਨ ।

ਤੂੰ ਪੇਡੁ ਸਾਖ ਤੇਰੀ ਫੂਲੀ ॥
ਤੂੰ ਸੂਖਮੁ ਹੋਆ ਅਸਥੂਲੀ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਦੇਵੀ ਦੇਵਤੇ, ਪੀਰ ਪੈਗੰਬਰ, ਨਬੀ ਅਵਤਾਰ, ਦੇਵਲ ਮਸਜਦ, ਤੀਰਥ ਮੰਦਰ, ਦੇਹ ਧਾਰੀ ਗੁਰੂ ਚੇਲਾ, ਆਦਿ ਸਭ ਕਿਰਤਮ ਹਨ, ਕਰਤਾ ਨਹੀਂ ਹਨ ।

ਕਰਤੇ ਦੀ ਸਿਫਤ ਸਲਾਹ ਕਰਨੀ, ਉਸ ਨੂੰ ਅਰਾਧਨਾ, ਅਥਵਾ ਧਿਆਉਣਾ ਸੇਵਨਾ, ਉਸ ਦੇ ਰੰਗ ਵਿਚ ਜੀਊਣਾ – ਇਹ ਗੁਰੂ ਘਰ ਦਾ ਮਾਰਗ ਹੈ । ਇਸ ਮਾਰਗ ਤੇ ਤੁਰਿਆਂ ਮਾਨਸਿਕ ਤ੍ਰਿਪਤੀ ਹੁੰਦੀ ਹੈ, ਦੁਖਾਂ ਤੋਂ ਨਵਿਰਤੀ ਮਿਲਦੀ ਹੈ ਅਤੇ ਸੁਖ ਦੇ ਅਥਾਹ ਸੋਮੇ ਵਿਚ ਪ੍ਰਵੇਸ਼ । ਇਹ ਵਿਗਾਸ ਦਾ ਮਾਰਗ ਹੈ ।

ਦਸੋਂ ਗੁਰੂ ਜਾਮੇ, ਗਿਆਨ–ਨਾਦ ਦੇ ਸੋਮੇ ਮੂਲ ਤਤ ਨਾਲ ਅਭੇਦ ਸਨ ਅਥਵਾ ਮੂਲ ਤਤ ਵਿਚ ਲਿਵ ਲੀਨ ਸਨ । ਇਸ ਲਈ, ਇਹਨਾਂ ਦੀ ਬਾਣੀ ਨਾਲ ਜੁੜਨਾ ਮੂਲ ਤਤ ਨਾਲ ਜੁੜਨਾ ਹੈ । ਇਸ ਬਾਣੀ ਵਿਚ ਕਰਤਾ ਖੁਦ ਸ਼ਬਦ ਸਰੂਪ ਹੋ ਕੇ ਵਿਆਪਕ ਹੈ । ਬ੍ਰਹਮਾ, ਬਿਸ਼ਨ, ਮਹੇਸ਼ ਤਥਾ ਪਾਰਬਤੀ, ਲਖਸ਼ਮੀ, ਸਰਸਵਤੀ, ਕਿਰਤਮ

ਹੋਣ ਕਰਕੇ ਸਭ ਗੁਰੂ ਬਾਣੀ ਦੀ ਤਾਬਿਆ ਹਨ। ਗੁਰਬਾਣੀ ਉਹ ਸਭ ਫਲ ਦੇਂਦੀ ਹੈ ਜੋ ਦੇਵੀ ਦੇਵਤਿਆਂ ਦੀ ਅਰਾਧਨਾ ਤੋਂ ਪ੍ਰਾਪਤ ਹੁੰਦੇ ਹਨ। ਬਲਕਿ ਇਸ ਤੋਂ ਉਪਰ ਗੁਰੂ ਦੀ ਬਾਣੀ ਉਸ ਆਤਮ ਪਦ ਤੇ ਲੈ ਜਾਂਦੀ ਹੈ ਜੋ ਜਾਣਿਆ ਤਾਂ ਜਾਂਦਾ ਹੈ, ਪਰ ਕਥਨ ਵਿਚ ਨਹੀਂ ਆਉਂਦਾ, ਅਕਥਨੀਯ ਹੈ, "ਕਹਣਾ ਕਥਨੁ ਨ ਜਾਈ" ਹੈ।

ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨ ਜਾਈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਇਹ ਐਸਾ ਪਦ ਹੈ ਜਿਥੇ ਪਹੁੰਚ ਕੇ ਦਿੱਬ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ, ਬੁਝਾਰਤ ਸਾਫ਼ ਹੋ ਜਾਂਦੀ ਹੈ ਅਤੇ ਨਜ਼ਰ ਆਉਣ ਲਗ ਜਾਂਦਾ ਹੈ ਕਿ ਸਭ ਜਗ੍ਯਾ ਇਕ ਕਰਤਾ ਹੀ ਪਰੀ-ਪੂਰਨ ਹੈ।

ਸਭ ਮਧੇ ਰਵਿਆ ਮੇਰਾ ਠਾਕੁਰੁ
ਦਾਨੁ ਦੇਤ ਸਭਿ ਜੀਅ ਸਮ੍ਾਰੇ ॥ ੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਗੁਰੂ ਕਿਰਪਾ ਦੁਆਰਾ ਇਸ ਬੁਝਾਰਤ ਦੇ ਸਪਸ਼ਟ ਹੋ ਜਾਣ ਉਪਰੰਤ ਇਕ (੧) ਨਾਲ ਅਭੇਦਤਾ ਦੀ ਲਗਨ ਅਤਿ ਤੀਬਰ ਹੋ ਜਾਂਦੀ ਹੈ ਅਤੇ ਹਰ ਸਮੇਂ ਕਾਂਖਸ਼ਾ ਬਣੀ ਰਹਿੰਦੀ ਹੈ ਕਿ ਕਰਤਾ-ਦਾਤਾ ਕਦੀ ਨਾ ਵਿਸਰੇ ।

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥੫ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਾਰਗ ਮਹਲਾ ੩ ॥

ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥
ਜਨਮ ਜਨਮ ਕੇ ਕਿਲਵਿਖ ਭਉ ਭੰਜਨ
ਗੁਰਮੁਖਿ ਏਕੋ ਡੀਠਾ ॥ ੧॥ਰਹਾਉ ॥

ਕੋਟਿ ਕੋਟੰਤਰ ਕੇ ਪਾਪ ਬਿਨਾਸਨ
ਹਰਿ ਸਾਚਾ ਮਨਿ ਭਾਇਆ ॥
ਹਰਿ ਬਿਨੁ ਅਵਰੁ ਨ ਸੂਝੈ ਦੂਜਾ
ਸਤਿਗੁਰਿ ਏਕੁ ਬੁਝਾਇਆ ॥ ੧॥

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ
ਸਹਜੇ ਰਹੇ ਸਮਾਈ ॥
ਸਬਦਿ ਰਤੇ ਸੇ ਰੰਗਿ ਚਲੂਲੇ
ਰਾਤੇ ਸਹਜਿ ਸੁਭਾਈ ॥ ੨॥

ਰਸਨਾ ਸਬਦੁ ਵੀਚਾਰਿ ਰਸਿ ਰਾਤੀ
ਲਾਲ ਭਈ ਰੰਗੁ ਲਾਈ ॥
ਰਾਮ ਨਾਮੁ ਨਿਹਕੇਵਲੁ ਜਾਣਿਆ
ਮਨੁ ਤ੍ਰਿਪਤਿਆ ਸਾਂਤਿ ਆਈ ॥ ੩॥

ਪੰਡਿਤ ਪੜ੍ਹਿ ਪੜ੍ਹਿ ਮੋਨੀ ਸਭਿ ਥਾਕੇ
ਭ੍ਰਮਿ ਭੇਖ ਥਕੇ ਭੇਖਧਾਰੀ ॥
ਗੁਰਪਰਸਾਦਿ ਨਿਰੰਜਨੁ ਪਾਇਆ
ਸਾਚੈ ਸਬਦਿ ਵੀਚਾਰੀ ॥ ੪॥

ਆਵਾ ਗਉਣੁ ਨਿਵਾਰਿ ਸਚਿ ਰਾਤੇ
ਸਾਚ ਸਬਦੁ ਮਨਿ ਭਾਇਆ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ
ਜਿਨਿ ਵਿਚਹੁ ਆਪੁ ਗਵਾਇਆ ॥ ੫॥

ਸਾਚੈ ਸਬਦਿ ਸਹਜ ਧੁਨਿ ਉਪਜੈ
ਮਨਿ ਸਾਚੈ ਲਿਵ ਲਾਈ ॥
ਅਗਮ ਅਗੋਚਰੁ ਨਾਮੁ ਨਿਰੰਜਨੁ
ਗੁਰਮੁਖਿ ਮੰਨਿ ਵਸਾਈ ॥ ੬॥

ਏਕਸ ਮਹਿ ਸਭੁ ਜਗਤੋ ਵਰਤੈ
ਵਿਰਲਾ ਏਕੁ ਪਛਾਣੈ ॥
ਸਬਦਿ ਮਰੈ ਤਾ ਸਭੁ ਕਿਛੁ ਸੂਝੈ
ਅਨਦਿਨੁ ਏਕੋ ਜਾਣੈ ॥ ੭॥

ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ
ਹੋਰੁ ਕਹਣਾ ਕਥਨੁ ਨ ਜਾਈ ॥
ਨਾਨਕ ਨਾਮਿ ਰਤੇ ਸਦਾ ਬੈਰਾਗੀ
ਏਕ ਸਬਦਿ ਲਿਵ ਲਾਈ ॥ ੮॥ ੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

# ਪੱਥ ਪ੍ਰਦਰਸ਼ਕ ਤੇ ਉਤਸ਼ਾਹ ਜਨਕ ਉਦਾਹਰਣ

ਹੁਕਮੈ ਅੰਦਰਿ ਆਇਆ ਪਿਆਰੇ
ਹੁਕਮੇ ਜਾਦੋ ਜਾਇ ॥
ਹੁਕਮੇ ਬੰਨ੍ਹਿ ਚਲਾਈਐ ਪਿਆਰੇ
ਮਨਮੁਖਿ ਲਹੈ ਸਜਾਇ ॥
ਹੁਕਮੇ ਸਬਦਿ ਪਛਾਣੀਐ ਪਿਆਰੇ
ਦਰਗਹ ਪੈਧਾ ਜਾਇ ॥੫॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥
ਜਨਮ ਜਨਮ ਕਾ ਸੋਇਆ ਜਾਗੈ ॥੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਬਿਸਮ ਬਿਸਮ ਬਿਸਮ ਹੀ ਭਈ ਹੈ
ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ
ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਜਿਨ ਚਾਖਿਆ ਸੇਈ ਸਾਦੁ ਜਾਣਨਿ
ਜਿਉ ਗੁੰਗੇ ਮਿਠਿਆਈ ॥
ਅਕਥੈ ਕਾ ਕਿਆ ਕਥੀਐ ਭਾਈ
ਚਾਲਉ ਸਦਾ ਰਜਾਈ ॥
ਗੁਰੁ ਦਾਤਾ ਮੇਲੇ ਤਾ ਮਤਿ ਹੋਵੈ
ਨਿਗੁਰੇ ਮਤਿ ਨ ਕਾਈ ॥
ਜਿਉ ਚਲਾਏ ਤਿਉ ਚਾਲਹ ਭਾਈ
ਹੋਰ ਕਿਆ ਕੋ ਕਰੇ ਚਤੁਰਾਈ ॥੬ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫ ॥੯ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਘਰਿ ਰਹੁ ਰੇ ਮਨ ਮੁਗਧ ਇਆਨੇ ॥
ਰਾਮੁ ਜਪਹੁ ਅੰਤਰਗਤਿ ਧਿਆਨੇ ॥
ਲਾਲਚ ਛੋਡਿ ਰਚਹੁ ਅਪਰੰਪਰਿ
ਇਉ ਪਾਵਹੁ ਮੁਕਤਿ ਦੁਆਰਾ ਹੇ ॥ ੧॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਅੰਮ੍ਰਿਤੁ ਨਾਮੁ ਨਿਧਾਨੁ ਹੈ
ਮਿਲਿ ਪੀਵਹੁ ਭਾਈ ॥
ਜਿਸੁ ਸਿਮਰਤ ਸੁਖੁ ਪਾਈਐ
ਸਭ ਤਿਖਾ ਬੁਝਾਈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਵਡੜੈ ਝਾਲਿ ਝਲੁੰਭਲੈ
ਨਾਵੜਾ ਲਈਐ ਕਿਸੁ ॥
ਨਾਉ ਲਈਐ ਪਰਮੇਸਰੈ
ਭੰਨਣ ਘੜਣ ਸਮਰਥੁ ॥੬੨ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਚੰਦਨ ਚੰਦੁ ਨ ਸਰਦ ਰੁਤਿ
ਮੂਲਿ ਨ ਮਿਟਈ ਘਾਂਮ ॥
ਸੀਤਲੁ ਥੀਵੈ ਨਾਨਕਾ
ਜਪੰਦੜੋ ਹਰਿ ਨਾਮੁ ॥ ੨॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥
ਤਾਹਿ ਰੋਗੁ ਸੁਪਨੈ ਨਹੀ ਆਵੈ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਹੁਕਮੇ ਆਇਆ ਹੁਕਮਿ ਸਮਾਇਆ ॥
ਹੁਕਮੇ ਦੀਸੈ ਜਗਤੁ ਉਪਾਇਆ ॥
ਹੁਕਮੇ ਸੁਰਗੁ ਮਛੁ ਪਇਆਲਾ
ਹੁਕਮੇ ਕਲਾ ਰਹਾਇਦਾ ॥ ੧੦॥
ਹੁਕਮੇ ਧਰਤੀ ਧਉਲ ਸਿਰਿ ਭਾਰੰ ॥
ਹੁਕਮੇ ਪਉਣ ਪਾਣੀ ਗੈਣਾਰੰ ॥
ਹੁਕਮੇ ਸਿਵ ਸਕਤੀ ਘਰਿ ਵਾਸਾ

ਹੁਕਮੇ ਖੇਲ ਖੇਲਾਇਦਾ ॥ ੧੧॥

ਹੁਕਮੇ ਆਡਾਣੇ ਆਗਾਸੀ ॥

ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥

ਹੁਕਮੇ ਸਾਸ ਗਿਰਾਸ ਸਦਾ

ਫੁਨਿ ਹੁਕਮੇ ਦੇਖਿ ਦਿਖਾਇਦਾ ॥ ੧੨॥

ਹੁਕਮਿ ਉਪਾਏ ਦਸ ਅਉਤਾਰਾ ॥

ਦੇਵ ਦਾਨਵ ਅਗਣਤ ਅਪਾਰਾ ॥

ਮਾਨੈ ਹੁਕਮੁ ਸੁ ਦਰਗਹ ਪੈਝੈ

ਸਾਚਿ ਮਿਲਾਇ ਸਮਾਇਦਾ ॥ ੧੩॥

~ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ~

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥